ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 16 ਨਵੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243



## ਮੱਘਰ ਦੀ ਸੰਗਰਾਂਦ ਅੱਜ

**ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੈਲੰਡਰ ਅਨੁਸਾਰ ਮੱਘਰ ਮਹੀਨੇ ਦੀ ਸੰਗਰਾਂਦ ਅੱਜ ਮਨਾਈ ਜਾ ਰਹੀ ਹੈ। ਦੇਸ਼ ਵਿਦੇਸ਼ ਵਿੱਚ ਇਸ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ।**

## ਧੂੰਏ ਨੇ ਕੀਤਾ 'ਪਾਕਿ ਪੰਜਾਬ' ਦਾ ਬੁਰਾ ਹਾਲ !

# 20 ਲੱਖ ਲੋਕ ਪਹੁੰਚੇ ਹਸਪਤਾਲ, ਕੈਂਸਰ ਦਾ ਵੀ ਵਧਿਆ ਖ਼ਤਰਾ

### ਆਵਾਜ਼ਿ ਕੌਮ ਦੀ ਵਿਸ਼ੇਸ਼ ਰਿਪੋਰਟ

ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਰਿਕਾਰਡ ਤੋੜ ਧੂੰਏਂ ਕਾਰਨ ਇੱਕ ਮਹੀਨੇ ਵਿੱਚ ਸਾਹ ਲੈਣ ਵਿੱਚ ਤਕਲੀਫ਼ਾਂ ਤੇ ਸਾਹ ਦੀਆਂ ਹੋਰ ਬਿਮਾਰੀਆਂ ਨਾਲ ਪੀੜਤ 20 ਲੱਖ ਲੋਕਾਂ ਨੇ ਪੰਜਾਬ ਭਰ ਵਿੱਚ ਮੈਡੀਕਲ ਸਹੂਲਤਾਂ ਦਾ ਦੌਰਾ ਕੀਤਾ। ਸਥਾਨਕ ਮੀਡੀਆ ਵੱਲੋਂ ਪ੍ਰਾਪਤ ਪੰਜਾਬ ਸਿਹਤ ਸੰਭਾਲ ਵਿਭਾਗ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਸੂਬੇ ਭਰ ਵਿੱਚ 19,34,030 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ 126,230 ਲਾਹੌਰ ਵਿੱਚ ਹਨ। ਬੁੱਧਵਾਰ ਅਤੇ ਵੀਰਵਾਰ ਦੇ ਵਿਚਕਾਰ, ਪੰਜਾਬ ਭਰ ਵਿੱਚ ਸਾਹ ਦੀਆਂ ਸਮੱਸਿਆਵਾਂ ਅਤੇ ਛਾਤੀ ਦੀ ਲਾਗ ਸਮੇਤ ਸਾਹ ਦੀਆਂ ਵੱਖ-ਵੱਖ ਬਿਮਾਰੀਆਂ ਦੇ 68,917 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਮਾਮਲਿਆਂ ਵਿੱਚੋਂ 6,236 ਲਾਹੌਰ ਤੋਂ ਰਿਪੋਰਟ ਕੀਤੇ ਗਏ ਸਨ, ਜਿੱਥੇ ਵੀਰਵਾਰ ਰਾਤ 9 ਵਜੇ ਤੱਕ AQI 'ਤੇ ਔਸਤ ਹਵਾ ਗੁਣਵੱਤਾ ਰੀਡਿੰਗ 1,100 ਸੀ। ਜ਼ਿਹਰੀਲੇ ਪ੍ਰਦੂਸ਼ਕਾਂ ਕਾਰਨ ਪੈਦਾ ਹੋਏ ਸੰਘਣੇ ਧੂੰਏਂ ਨੇ ਪਿਛਲੇ ਕੁਝ ਹਫ਼ਤਿਆਂ ਤੋਂ ਪੰਜਾਬ ਦੇ ਕਈ ਸ਼ਹਿਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ, ਜਿਸ ਵਿੱਚ ਲਾਹੌਰ ਅਤੇ ਮੁਲਤਾਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਮੁਲਤਾਨ ਵਿੱਚ AQI ਰੀਡਿੰਗ ਪਹਿਲਾਂ ਹੀ ਦੋ ਵਾਰ 2,000 ਨੂੰ ਪਾਰ ਕਰ ਚੁੱਕੀ ਹੈ, ਜਿਸ ਨਾਲ ਹਵਾ ਪ੍ਰਦੂਸ਼ਣ ਦਾ ਨਵਾਂ ਰਿਕਾਰਡ ਕਾਇਮ ਹੋਇਆ ਹੈ



ਮਾਹਿਰਾਂ ਦੇ ਅਨੁਸਾਰ, ਉੱਚ ਪੱਧਰੀ ਜ਼ਿਹਰੀਲੇ ਪ੍ਰਦੂਸ਼ਕਾਂ ਦੇ ਸੰਪਰਕ ਵਿੱਚ ਆਉਣ ਨਾਲ ਨਾ ਸਿਰਫ ਸਾਹ ਦੀਆਂ ਬਿਮਾਰੀਆਂ ਹੁੰਦੀਆਂ ਹਨ, ਸਗੋਂ ਡਿਪਰੈਸ਼ਨ ਵਰਗੀਆਂ ਜੀਵਨ-ਬਦਲਣ ਵਾਲੀਆਂ ਸਮੱਸਿਆਵਾਂ ਵੀ ਹੁੰਦੀਆਂ ਹਨ ਤੇ ਬੱਚਿਆਂ ਦੇ ਵਿਕਾਸ 'ਤੇ ਅਸਰ ਪੈਂਦਾ ਹੈ। ਇਹ ਮਨੁੱਖੀ ਸੈੱਲਾਂ ਵਿੱਚ ਆਕਸੀਟੇਟਿਵ ਤਣਾਅ ਅਤੇ ਸੋਜਸ਼ ਦਾ ਕਾਰਨ ਬਣਦਾ ਹੈ ਤੇ ਕੈਂਸਰ ਸਮੇਤ ਹੋਰ ਗੰਭੀਰ ਬਿਮਾਰੀਆਂ ਦੀ ਨੀਂਹ ਰੱਖ ਸਕਦਾ ਹੈ। ਮਾਹਰਾਂ ਦੇ ਅਨੁਸਾਰ, ਧੂੰਆਂ ਫੇਫੜਿਆਂ ਦੇ ਟਿਸ਼ੂਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਖਾਸ ਤੌਰ 'ਤੇ ਪਹਿਲਾਂ ਤੋਂ ਮੌਜੂਦ ਸਾਹ ਦੀਆਂ ਬਿਮਾਰੀਆਂ ਜਿਵੇਂ ਕਿ ਦਮੇ ਵਾਲੇ ਲੋਕਾਂ ਲਈ ਖਤਰਨਾਕ ਹੈ। ਸੱਤ ਦਿਨਾਂ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਸਾਹ ਦੀਆਂ ਬਿਮਾਰੀਆਂ ਦੇ 463,845, ਦਮੇ ਦੇ 30,414, ਦਿਲ ਦੀ ਬਿਮਾਰੀ ਦੇ 2,166, ਸਟ੍ਰੋਕ ਦੇ 1,330 ਅਤੇ ਕੰਨਜਕਟਿਵਾਇਟਿਸ ਦੇ 3,094 ਮਾਮਲੇ ਸਾਹਮਣੇ ਆਏ ਹਨ। ਪਿਛਲੇ 30 ਦਿਨਾਂ ਵਿੱਚ ਪੰਜਾਬ ਭਰ ਵਿੱਚ 119,533 ਲੋਕਾਂ ਨੂੰ ਅਸਥਮਾ, 13,773 ਦਿਲ ਦੀ ਬਿਮਾਰੀ, 5,184 ਸਟ੍ਰੋਕ ਅਤੇ 11,197 ਲੋਕ ਕੰਨਜਕਟਿਵਾਇਟਿਸ ਤੋਂ ਪੀੜਤ ਹਨ। ਇਸ ਮੌਕੇ ਸਰਕਾਰ ਨੇ ਨਾਗਰਿਕਾਂ ਨੂੰ ਵੱਧ ਤੋਂ ਵੱਧ ਸਮਾਂ ਘਰ ਦੇ ਅੰਦਰ ਬਿਤਾਉਣ ਦੀ ਸਲਾਹ ਦਿੱਤੀ ਗਈ ਹੈ। ਹਾਲਾਂਕਿ, ਮਾਹਰਾਂ ਦਾ ਕਹਿਣਾ ਹੈ ਕਿ ਏਅਰ ਪਿਊਰੀਫਾਇਰ ਤੋਂ ਬਿਨਾਂ, ਜ਼ਿਹਰੀਲੇ ਪ੍ਰਦੂਸ਼ਕ ਉਨ੍ਹਾਂ ਦੇ ਘਰਾਂ ਦੇ ਅੰਦਰ ਵੀ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

### ਚੰਡੀਗੜ੍ਹ ਨੂੰ ਲੈ ਕੇ ਪੰਜਾਬ ਤੇ ਹਰਿਆਣਾ 'ਚ ਵਧਿਆ ਵਿਵਾਦ

## ਆਪ ਨੇ ਕਿਹਾ-ਨਹੀਂ ਦਿਆਂਗੇ 1 ਇੰਚ ਜ਼ਮੀਨ, ਸੀਐਮ ਸੈਣੀ ਨੇ ਕਿਹਾ-ਸਾਡਾ ਵੀ ਹੱਕ



ਚੰਡੀਗੜ੍ਹ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)-ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਦੀ ਉਸਾਰੀ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਆਹਮੋ-ਸਾਹਮਣੇ ਹਨ। ਅੱਜ ਇਸ ਮੁੱਦੇ ਨੂੰ ਲੈ ਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਹੈ। ਇਸ ਮੀਟਿੰਗ ਵਿੱਚ ਉਨ੍ਹਾਂ ਰਾਜਪਾਲ ਨੂੰ ਦੱਸਿਆ ਕਿ ਚੰਡੀਗੜ੍ਹ ਪੰਜਾਬ ਦਾ ਹੈ। ਅਸੀਂ ਹਰਿਆਣਾ ਨੂੰ ਇਕ ਇੰਚ ਵੀ ਜ਼ਮੀਨ ਨਹੀਂ ਦੇਵਾਂਗੇ। ਇਸ ਦੇ ਨਾਲ ਹੀ ਇਸ ਮਾਮਲੇ 'ਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀਨੇ ਕਿਹਾ ਹੈ ਕਿ ਚੰਡੀਗੜ੍ਹ 'ਤੇ ਹਰਿਆਣਾ ਦਾ ਵੀ ਹੱਕ ਹੈ। ਭਗਵੰਤ ਮਾਨ ਨੂੰ ਗਲਤ ਰਾਜਨੀਤੀ ਤੋਂ ਉਪਰ ਉਠ ਕੇ ਕੰਮ ਕਰਨਾ ਚਾਹੀਦਾ ਹੈ। ਸੀਐਮ ਸੈਣੀ ਨੇ ਕਿਹਾ ਹੈ ਕਿ ਭਗਵੰਤ ਮਾਨ ਨੂੰ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਬੇਲੋੜੇ ਮੁੱਦਿਆਂ 'ਤੇ ਲੋਕਾਂ ਦਾ ਧਿਆਨ ਨਾ ਭਟਕਾਓ। ਪਹਿਲਾਂ ਸਤਲੁਜ-ਯਮੁਨਾ ਲਿੰਕ 'ਤੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ। ਅਜੇ ਵੀ ਉਹੀ ਕਰ ਰਹੇ ਹਨ। ਪੰਜਾਬ ਸਾਡਾ ਵੱਡਾ ਭਰਾ ਹੈ। ਉਥੋਂ ਦੇ ਕਿਸਾਨ ਹਰਿਆਣਾ ਨੂੰ ਪਾਣੀ ਦੇਣਾ ਚਾਹੁੰਦੇ ਹਨ। ਦੱਸ ਦੇਈਏ ਕਿ ਕੇਂਦਰ ਸਰਕਾਰ ਨੇ ਚੰਡੀਗੜ੍ਹ ਵਿੱਚ ਹਰਿਆਣਾ ਦੀ ਵਿਧਾਨ ਸਭਾ ਦੀ ਨਵੀਂ ਇਮਾਰਤ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ ਪਰ ਭਾਜਪਾ ਸਮੇਤ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ। ਇਸ ਕਾਰਨ ਹਰਿਆਣਾ ਤੇ ਪੰਜਾਬ ਦੇ ਆਗੂਆਂ ਵਿਚਾਲੇ ਤਕਰਾਰ ਚੱਲ ਰਹੀ ਹੈ। ਜ਼ਿਕਰ ਕਰ ਦਈਏ ਕਿ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਅਜਿਹੀ ਸਥਿਤੀ ਵਿੱਚ ਹਰਿਆਣਾ ਕੋਲ ਨਾ ਤਾਂ ਚੰਡੀਗੜ੍ਹ ਵਿੱਚ ਵਿਧਾਨ ਸਭਾ ਬਣਾਉਣ ਦਾ ਅਧਿਕਾਰ ਹੈ ਅਤੇ ਨਾ ਹੀ ਕੋਈ ਹੋਰ ਇਮਾਰਤ ਦਾ. ਜਿਸ ਤਰ੍ਹਾਂ ਈਕੋ-ਸੰਵੇਦਨਸ਼ੀਲ ਜ਼ੋਨ ਨੂੰ ਹਟਾਇਆ ਗਿਆ ਹੈ, ਉਹ ਉਚਿਤ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣਾ ਮੰਗ ਪੱਤਰ ਰਾਜਪਾਲ ਨੂੰ ਦਿੱਤਾ ਹੈ। ਇਹ ਉਸ ਐਕਟ ਦਾ ਵੀ ਹਵਾਲਾ ਦਿੰਦਾ ਹੈ ਜਦੋਂ ਪੰਜਾਬ ਅਤੇ ਹਰਿਆਣਾ ਵੱਖ ਹੋਏ ਸਨ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਹੋਏ ਸੰਤ ਲੌਂਗੋਵਾਲਾ ਸਮਝੌਤੇ ਵਿੱਚ ਸਪੱਸ਼ਟ ਕਿਹਾ ਗਿਆ ਸੀ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਨੂੰ ਹੀ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਾਜਪਾਲ ਨੇ ਭਰੋਸਾ ਦਿੱਤਾ ਹੈ ਕਿ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਾਰੀਆਂ ਗੱਲਾਂ 'ਤੇ ਵਿਚਾਰ ਕੀਤਾ ਜਾਵੇਗਾ।

## ਪੀਐਮ ਮੋਦੀ ਦੇ ਜਹਾਜ਼ 'ਚ ਆਈ ਤਕਨੀਕੀ ਖਰਾਬੀ, ਦੇਵਘਰ ਹਵਾਈ ਅੱਡੇ 'ਤੇ ਕਰਵਾਈ ਐਮਰਜੈਂਸੀ ਲੈਂਡਿੰਗ

ਦੇਵਘਰ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)- ਝਾਰਖੰਡ 'ਚ ਚੋਣ ਸਭਾ ਨੂੰ ਸੰਬੋਧਨ ਕਰਨ ਗਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੈਲੀਕਾਪਟਰ 'ਚ ਤਕਨੀਕੀ ਖਰਾਬੀ ਹੋਣ ਦੀ ਖ਼ਬਰ ਹੈ। ਇਸ ਕਾਰਨ ਪੀਐਮ ਮੋਦੀ ਦੇ ਹੈਲੀਕਾਪਟਰ ਨੂੰ ਦੇਵਘਰ ਏਅਰਪੋਰਟ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਅਜਿਹੇ 'ਚ ਉਨ੍ਹਾਂ ਦੀ ਦਿੱਲੀ ਵਾਪਸੀ 'ਚ ਦੇਰੀ ਹੋ ਸਕਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਝਾਰਖੰਡ 'ਚ ਆਦਿਵਾਸੀ ਪ੍ਰਤੀਕ ਬਿਰਸਾ ਮੁੰਡਾ ਦੇ ਜਨਮ ਦਿਨ 'ਤੇ ਦੋ ਰੈਲੀਆਂ ਨੂੰ ਸੰਬੋਧਨ ਕੀਤਾ। ਬਿਰਸਾ ਮੁੰਡਾ ਦਾ ਜਨਮ ਦਿਨ 'ਆਦਿਵਾਸੀ ਮਾਣ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਤੋਂ ਪਹਿਲਾਂ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਹੈਲੀਕਾਪਟਰ ਨੂੰ ਦੇਵਘਰ 'ਚ ਹੀ ਉਡਾਣ ਭਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਰਾਹੁਲ ਗਾਂਧੀ ਸ਼ੁੱਕਰਵਾਰ ਨੂੰ ਝਾਰਖੰਡ ਦੇ ਗੋਡਾ 'ਚ ਚੋਣ ਰੈਲੀ ਤੋਂ ਬਾਅਦ ਦਿੱਲੀ ਪਰਤਣ ਵਾਲੇ ਸਨ। ਦੱਸਿਆ ਜਾ ਰਿਹਾ ਹੈ ਕਿ ਹੈਲੀਕਾਪਟਰ ਨੂੰ ਏਅਰ ਟ੍ਰੈਫਿਕ ਕੰਟਰੋਲ ਨੇ ਗੋਡਾ ਦੇ ਬੇਲਬੱਡਾ ਤੋਂ ਉਡਾਣ ਭਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਦੇਵਘਰ ਏਅਰਪੋਰਟ 'ਤੇ 45 ਮਿੰਟ ਤੱਕ ਇੰਤਜ਼ਾਰ ਕਰਨਾ ਪਿਆ। ਇਸ ਦੌਰਾਨ ਰਾਹੁਲ ਗਾਂਧੀ ਹੈਲੀਕਾਪਟਰ 'ਚ ਬੈਠੇ ਰਹੇ ਤੇ ਆਪਣਾ ਮੋਬਾਈਲ ਦੇਖਦੇ ਰਹੇ। ਹੁਣ ਰਾਹੁਲ ਗਾਂਧੀ ਦੇ ਹੈਲੀਕਾਪਟਰ ਨੂੰ ਟੇਕਆਫ ਲਈ ਕਲੀਅਰੈਂਸ ਨਾ ਮਿਲਣ 'ਤੇ ਵੀ ਸਿਆਸਤ ਸ਼ੁਰੂ ਹੋ ਗਈ ਹੈ। ਕਾਂਗਰਸ ਦਾ ਦੋਸ਼ ਹੈ ਕਿ ਪੀਐਮ ਮੋਦੀ ਦੀ ਮੀਟਿੰਗ ਕਾਰਨ ਉਨ੍ਹਾਂ ਦੇ ਹੈਲੀਕਾਪਟਰ ਨੂੰ ਉੱਡਣ ਨਹੀਂ ਦਿੱਤਾ ਗਿਆ।



## ਜ਼ਿਮਣੀ ਚੋਣਾਂ ਨਹੀਂ ਲੜ ਰਿਹਾ ਪਰ ਸਿਆਸਤ ਕਰ ਰਿਹਾ ਅਕਾਲੀ ਦਲ !

ਗਿੱਦੜਬਾਹਾ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)- ਪੰਜਾਬ ਦੀਆਂ ਚਾਰ ਸੀਟਾਂ ਉੱਤੇ ਹੋ ਰਹੀਆਂ ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਮੁਕਾਬਲੇ ਵਿੱਚ ਨਹੀਂ ਹੈ। ਇਸ ਦੇ ਬਾਵਜੂਦ ਗਿੱਦੜਬਾਹਾ ਦੇ ਬਾਜ਼ਾਰਾਂ ਵਿੱਚ ਲੱਗੇ ਅਕਾਲੀ ਦਲ ਦੇ ਪੋਸਟਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਵਿੱਚ ਪਾਰਟੀ ਵੱਲੋਂ ਆਪਣਾ ਪ੍ਰਚਾਰ ਨਹੀਂ ਕੀਤਾ ਜਾ ਰਿਹਾ ਸਗੋਂ ਸਾਬਕਾ ਅਕਾਲੀ ਤੇ ਆਪ ਉਮੀਦਵਾਰ ਡਿੰਪੀ ਢਿੱਲੋਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਪੋਸਟਰਾਂ 'ਤੇ ਡਿੰਪੀ ਢਿੱਲੋਂ ਨਾਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਤਸਵੀਰ ਵੀ ਲੱਗੀ ਹੋਈ ਹੈ। ਗਿੱਦੜਬਾਹਾ ਵਿੱਚ ਪੋਸਟਰ ਮੁਹਿੰਮ ਰਾਹੀਂ ਅਕਾਲੀ ਦਲ ਨੇ ਡਿੰਪੀ ਢਿੱਲੋਂ ਪ੍ਰਤੀ ਨਾਰਾਜ਼ਗੀ ਅਤੇ ਅਸੰਤੁਸ਼ਟੀ ਦਾ ਸੰਕੇਤ ਦਿੱਤਾ ਹੈ। ਪੋਸਟਰਾਂ 'ਤੇ ਲਿਖਿਆ ਹੈ- ਜੋ ਨਹੀਂ ਹੋ ਸਕਿਆ ਭਰਾਵਾਂ ਵਰਗੇ ਪਰਿਵਾਰ ਦਾ, ਉਹ ਕੀ ਮੁੱਲ ਪਾਊਗਾ ਗਿੱਦੜਬਾਹਾ ਦੇ ਸਤਿਕਾਰ ਦਾ, ਭਾਵੇਂ ਇਨ੍ਹਾਂ ਪੋਸਟਰਾਂ 'ਤੇ ਜਾਰੀ ਕਰਨ ਵਾਲੇ ਦਾ ਨਾਂਅ ਨਹੀਂ ਲਿਖਿਆ ਗਿਆ ਪਰ ਪੋਸਟਰਾਂ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਪਾਰਟੀ ਦੇ ਚਿੰਨ੍ਹ ਲਗਾਏ ਗਏ ਹਨ। ਪੋਸਟਰਾਂ ਵਿੱਚ ਅਕਾਲੀ ਦਲ ਦੇ ਨਾਲ ਢਿੱਲੋਂ ਦੀ ਪੁਰਾਣੀ ਤਸਵੀਰ ਦੀ ਵਰਤੋਂ ਕੀਤੀ ਗਈ ਹੈ ਜਿਸ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਜਾਪਦੀ ਹੈ ਕਿ ਡਿੰਪੀ ਦੇ ਪਾਰਟੀ ਛੱਡਣ ਦੇ ਫ਼ੈਸਲੇ ਨਾਲ ਵਰਕਰ ਨਾਰਾਜ਼ ਹਨ। ਇਨ੍ਹਾਂ ਪੋਸਟਰਾਂ 'ਚ ਸੁਖਬੀਰ ਬਾਦਲ ਨਾਲ ਡਿੰਪੀ ਢਿੱਲੋਂ ਦੀ ਤਸਵੀਰ ਵਰਤੀ ਗਈ ਹੈ, ਜਿਸ ਤੋਂ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਢਿੱਲੋਂ ਕਦੇ ਅਕਾਲੀ ਦਲ ਤੇ ਖਾਸ ਕਰਕੇ ਸੁਖਬੀਰ ਬਾਦਲ ਦੇ ਬੇਹੱਦ ਕਰੀਬੀ ਸਨ ਤੇ ਪਾਰਟੀ ਛੱਡਣ ਦੇ ਫ਼ੈਸਲੇ ਨੂੰ ਉਹ ਧੋਖੇ ਵਜੋਂ ਦੇਖ ਰਹੇ ਹਨ। ਅਜਿਹੇ ਪੋਸਟਰ ਗਿੱਦੜਬਾਹਾ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਅਤੇ ਵੋਟਰਾਂ ਦਾ ਧਿਆਨ ਖਿੱਚ ਰਹੇ ਹਨ। ਲੋਕਾਂ ਵਿੱਚ ਚਰਚਾ ਹੈ ਕਿ ਅਕਾਲੀ ਦਲ ਦੀ ਚੋਣਾਂ ਵਿੱਚ ਸਿੱਧੀ ਸ਼ਮੂਲੀਅਤ ਨਾ ਹੋਣ ਦੇ ਬਾਵਜੂਦ ਪਾਰਟੀ ਨੇ ਇਨ੍ਹਾਂ ਪੋਸਟਰਾਂ ਰਾਹੀਂ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ ਹੈ ਅਤੇ ਚੋਣ ਸਮੀਕਰਨਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਲੋਕ ਇਸ ਨੂੰ ਡਿੰਪੀ ਢਿੱਲੋਂ ਦੇ ਅਕਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਮੰਨਦੇ ਹਨ, ਜਦਕਿ ਕੁਝ ਇਸ ਨੂੰ ਅਕਾਲੀ ਦਲ ਦੀ 'ਪ੍ਰਚਾਰ ਰਣਨੀਤੀ' ਮੰਨਦੇ ਹਨ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar

www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net





ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

100% VEGETARIAN — PURE AND NATURAL

Enjoy Real Taste of PUNJAB

KD
FULLY A.C. HALL
Khehra
VAISHNO DHABA
BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


## ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI




ੴ

## ਧੰਨ ਧੰਨ ਸ਼੍ਰੀ ਗੁਰੂ ਤੇਗ ਬਹਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ

# ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ

## ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਤਾਨ ਸਾਹਿਬ ਵਿਖੇ

ਮਿਤੀ 4 ਦਸੰਬਰ 2024 ਤੋਂ 6 ਦਸੰਬਰ 2024 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਜਿਸ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਉਚੇਚੇ ਤੌਰ ਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ । ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

4 ਦਸੰਬਰ 2024 ਦਿਨ ਬੁੱਧਵਾਰ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 10–00 ਵਜੇ

5 ਦਸੰਬਰ 2024 ਦਿਨ ਵੀਰਵਾਰ ਨਗਰ ਕੀਰਤਨ ਅਰੰਭ ਸਵੇਰੇ 8–00 ਵਜੇ

6 ਦਸੰਬਰ 2024 ਦਿਨ ਸ਼ੁੱਕਰਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 9–00 ਵਜੇ

**ਵਿਸ਼ੇਸ਼ ਬੇਨਤੀ** ਜਿਹਨਾਂ ਸੰਗਤਾਂ ਨੂੰ ਸਤਿਗੁਰ ਜੀ ਨੇ ਟਰੈਕਟਰ, ਟਰਾਲੀਆਂ, ਗੱਡੀਆਂ ਆਦਿ ਦੀ ਦਾਤ ਬਖ਼ਸ਼ੀ ਹੈ, ਉਹ ਨਗਰ ਕੀਰਤਨ ਵਿੱਚ ਆਪੋ ਆਪਣੇ ਸਾਧਨ ਲੈ ਕੇ ਸਮੂਲੀਅਤ ਕਰਨ ਜੀ ।

ਨੋਟ : ਮੋਟਰਸਾਈਕਲ ਲੈ ਕੇ ਆਉਣ ਵਾਲੇ ਨੌਜਵਾਨ ਕਿਸੇ ਤਰ੍ਹਾਂ ਦੀ ਕਰਤਬ ਬਾਜੀ ਨਾ ਕਰਨ ।

ਪ੍ਰੋਗਰਾਮ ਨਗਰ ਕੀਰਤਨ : ਮਿਤੀ 5 ਦਸੰਬਰ 2024, ਵੀਰਵਾਰ ਨੂੰ ਸਵੇਰੇ 8–00 ਵਜੇ ਗੁਰਦੁਆਰਾ ਧਮਤਾਨ ਸਾਹਿਬ ਤੋਂ ਅਰੰਭ ਹੋ ਕੇ ਲੋਨ, ਖਰਲ, ਪਿਪਲਥਾ, ਗੜ੍ਹੀ, ਦਾਤਾ ਸਿੰਘ ਵਾਲਾ, ਹੰਸਡੈਹਰ, ਢੰਢੋਲੀ, ਸ਼ੇਰਗੜ੍ਹ, ਖਨੌਰੀ, ਪਦਾਰਥ ਖੇੜਾ, ਰੇਵਰ, ਪਿਪਲਥਾ, ਢਾਬੀ ਟੇਕ ਸਿੰਘ ਅਤੇ ਰਸੀਦਾਂ ਹੁੰਦਾ ਹੋਇਆ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਪਹੁੰਚੇਗਾ । ਸਮਾਪਤੀ, ਗੁਰਦੁਆਰਾ ਧਮਤਾਨ ਸਾਹਿਬ ਵਿਖੇ ਸ਼ਾਮ 5–00 ਵਜੇ ਹੋਵੇਗੀ ।

ਪ੍ਰੋਗਰਾਮ : 6 ਦਸੰਬਰ 2024 ਦਿਨ ਸ਼ੁੱਕਰਵਾਰ
ਸਵੇਰੇ 9–00 ਤੋਂ 10–00 ਵਜੇ ਤੱਕ
ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਜੱਥਾ
ਗੁ: ਧਮਤਾਨ ਸਾਹਿਬ
10–00 ਤੋਂ 10–30 ਵਜੇ ਤੱਕ
ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ
ਗੁ: ਧਮਤਾਨ ਸਾਹਿਬ
10–30 ਤੋਂ 11–00 ਵਜੇ ਤੱਕ
ਭਾਈ ਚਰਨਜੀਤ ਸਿੰਘ ਕਥਾਵਾਚਕ
ਗੁ: ਧਮਤਾਨ ਸਾਹਿਬ
11–00 ਤੋਂ 12–30 ਵਜੇ ਤੱਕ
ਭਾਈ ਗੁਰਮੀਤ ਸਿੰਘ ਕਵੀਸ਼ਰ
ਧਰਮ ਪ੍ਰਚਾਰ ਕਮੇਟੀ।

ਅੰਮ੍ਰਿਤ ਸੰਚਾਰ :
6 ਦਸੰਬਰ 2024,
ਦਿਨ ਸ਼ੁਕਰਵਾਰ ਸਮਾਂ 12 ਵਜੇ





**ਅੰਮ੍ਰਿਤ ਸੰਚਾਰ ਸੰਬੰਧੀ**
1. ਅੰਮ੍ਰਿਤ ਸੰਚਾਰ ਗੁਰਦੁਆਰਾ ਧਮਤਾਨ ਸਾਹਿਬ ਵਿਖੇ 12–00 ਵਜੇ ਹੋਵੇਗਾ ।
2. ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰ ਕੇ ਆਉਣ ਜੀ ।
3. ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ ।

ਸਮੂਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਮੈਨੇਜਰ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ (ਜੀਂਦ) ਹਰਿਆਣਾ

ਸੰਪਰਕ : ਭਾਈ ਹਰਵਿੰਦਰ ਸਿੰਘ ਦਨੌਲੀ (ਮੈਨੇਜਰ) 9991037375 ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ 9896166509 ਭਾਈ ਚਰਨਜੀਤ ਸਿੰਘ ਕਥਾਵਾਚਕ 9802947712 ਭਾਈ ਕਰਮਜੀਤ ਸਿੰਘ 7015967169 ਸ: ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ ਸਾਹਿਬਾਨ 9354100003



*ਸਾਬਤ ਸੂਰਤਿ ਦਸਤਾਰ ਸਿਰਾ*

## ਦਸਤਾਰਾਂ ਹੀ ਦਸਤਾਰਾਂ



# ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

☬ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

**ਰੈਣਕ ਬਾਜਾਰ, ਜਲੰਧਰ (ਪੰਜਾਬ)**

ਸੰਪਰਕ ਨੰ. :

**+91 98882-22446**



# ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER · WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

**Mr. Simran Singh : 0749 534 2620**
asagasheatingsolutions@gmail.com

Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ









☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।

**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਹਿ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

## ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਸਬੰਧੀ

# ਆਜ਼ਾਦ ਫਰੰਟ ਪੰਜਾਬ

ਵੱਲੋਂ

## ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟਰੀਟ ਵੁਲਵਰਹੈਂਪਟਨ ਵਿਖੇ

# ਸ਼ਹੀਦੀ ਸਮਾਗਮ

## 22 ਤੋਂ 24 ਨਵੰਬਰ 2024



**ਗੁਰੂ ਪਿਆਰੀ ਸਾਧ ਸੰਗਤ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।**

ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਵਸ ਸੰਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਕਹਿਣੀ ਅਤੇ ਕਰਨੀ ਦੇ ਪੂਰੇ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦਿਵਸ **ਆਜ਼ਾਦ ਫਰੰਟ ਪੰਜਾਬ** ਦੇ ਸਾਰੇ ਹੀ ਸੇਵਾਦਾਰਾਂ ਵੱਲੋਂ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟਰੀਟ ਵੁਲਵਰਹੈਂਪਟਨ ਵਿਖੇ 22 ਨਵੰਬਰ ਤੋਂ 24 ਨਵੰਬਰ, 2024 ਤੱਕ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ।ਅਸੀਂ ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਸ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਂਟ ਕਰੀਏ।

ਆਵਾਜ਼ਿ ਕੌਮ AWAZE QAUM
International Newspaper & WEB TV

### ★ ਪ੍ਰੋਗਰਾਮ ★

ਆਰੰਭ ਸ੍ਰੀ ਅਖੰਡਪਾਠ ਸਾਹਿਬ 22 ਨਵੰਬਰ 2024
ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਆਖੰਡਪਾਠ ਸਾਹਿਬ 24 ਨਵੰਬਰ 2024
ਦਿਨ ਐਤਵਾਰ ਸਵੇਰੇ 10 ਵਜੇ

**ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ**



ਜਿਸ ਵਿੱਚ ਗੁਰਬਾਣੀ ਕੀਰਤਨ, ਕਥਾ ਤੋਂ ਬਾਅਦ ਗਿਆਨੀ ਗੱਜਣ ਸਿੰਘ ਗੜਗੱਜ ਦਾ ਢਾਡੀ ਜੱਥਾ ਬਾਬਾ ਜੀ ਦੇ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ।

**ਤਿੰਨੋ ਦਿਨ ਹੀ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

### ਗੁਰਦੁਆਰਾ ਸਾਹਿਬ ਦਾ ਪਤਾ

Guru Nanak Sikh Gurdwara
SEDGLEY Street
Wolverhampton WV2 3AJ
Mob. : 0738 731 7178

### ★ ਪੰਥ ਦੇ ਸੇਵਾਦਾਰ ★

ਭਾਈ ਜਸਪਾਲ ਸਿੰਘ ਨਿੱਝਰ
ਭਾਈ ਪ੍ਰਭਜੀਤ ਸਿੰਘ ਔਲਖ
ਭਾਈ ਹਰਜੀਤ ਸਿੰਘ ਢਿੱਲੋਂ
ਭਾਈ ਗੁਰਬਿੰਦਰ ਸਿੰਘ ਗਿੱਲ
ਭਾਈ ਜੋਗਾ ਸਿੰਘ ਬਸੀ




ਖਾਲਸਾ ਪੰਥ ਦੇ ਸੇਵਾਦਾਰ

# ਆਜਾਦ ਫਰੰਟ ਪੰਜਾਬ

# ਮੱਘਰ ਚੜ੍ਹੇ ਜੋ ਸਰਦੀ ਹੋਈ...

ਲੇਖਕ
ਆਸਾ ਸਿੰਘ ਘੁਮਾਣ

**ਪੰਜਾਬ** ਵਿਚ ਮੱਘਰ ਦੇ ਮਹੀਨੇ ਤੱਕ ਕਾਫੀ ਠੰਢ ਹੋ ਜਾਂਦੀ ਹੈ। ਤਾਪਮਾਨ ਘੱਟੋ ਘੱਟ 8 ਡਿਗਰੀ ਅਤੇ ਵੱਧ ਤੋਂ ਵੱਧ 25 ਡਿਗਰੀ ਸੈਲਸੀਅਸ ਤੱਕ ਡਿੱਗ ਪੈਂਦਾ ਹੈ। ਮੱਘਰ ਦੀ ਸੰਗਰਾਂਦ ਨੂੰ ਸੂਰਜ ਸਵੇਰੇ 7 ਕੁ ਵਜੇ ਚੜ੍ਹਦਾ ਹੈ ਅਤੇ ਸ਼ਾਮ ਨੂੰ 5, 5:30 ਦੇ ਕਰੀਬ ਡੁੱਬਦਾ ਹੈ। ਇਸ ਤਰ੍ਹਾਂ ਇਸ ਮਹੀਨੇ ਦੀਆਂ ਰਾਤਾਂ ਸਾਢੇ ਤੇਰਾਂ ਘੰਟੇ ਦੇ ਕਰੀਬ ਹੁੰਦੀਆਂ ਹਨ। ਕੇਸ਼ਵ ਦਾਸ ਇਸ ਮਹੀਨੇ ਦਾ ਰਿਤੂ-ਚਿਤਰਨ ਕਰਦਿਆਂ ਲਿਖਦਾ ਹੈ, "ਮੱਘਰ ਦਾ ਮਹੀਨਾ ਸਿਆਲ ਆਉਣ ਦੀ ਸੂਚਨਾ ਦਿੰਦਾ ਹੈ। ਦਿਨ ਛੋਟੇ ਹੋ ਜਾਂਦੇ ਹਨ ਤੇ ਰਾਤਾਂ ਲੰਮੀਆਂ। ਆਕਾਸ਼ ਦਾ ਰੰਗ ਨਿਖਰਿਆ ਹੋਇਆ ਨੀਲਾ ਹੋ ਜਾਂਦਾ ਹੈ। ਹਵਾ ਚੂੰਡੀਆਂ ਭਰਨ ਲੱਗ ਜਾਂਦੀ ਹੈ। ਸਿਆਲੇ ਦੀ ਚੜ੍ਹਤਲ ਤੋਂ ਡਰਦੇ ਦਰਿੰਦੇ ਖੂੰਜੇ ਅਤੇ ਘੁਰਨੇ ਤਲਾਸ਼ ਕਰਨ ਲਗਦੇ ਹਨ। ਤੀਵੀਂਆਂ ਸਰਦੀਆਂ ਦੀ ਤਿਆਰੀ ਲਈ ਰਜਾਈਆਂ ਨਗੰਦਦੀਆਂ ਹਨ। ਇਸ ਰੁੱਤ ਵਿਚ ਅਸਮਾਨ ਨੀਲੀ ਭਾਅ ਮਾਰਦਾ ਹੈ ਅਤੇ ਉਸ ਉਤੇ ਬੱਦਲਾਂ ਦੀ ਇਕ ਟਾਕੀ ਤੱਕ ਨਹੀਂ ਹੁੰਦੀ। ਪਹਾੜਾਂ ਵੱਲੋਂ ਠੱਕਾ ਚੱਲਦਾ ਹੈ। ਮਨੁੱਖ ਤਾਂ ਕੀ, ਪਸ਼ੂ ਵੀ ਢਾਰਿਆਂ ਦਾ ਨਿੱਘ ਭਾਲਦੇ ਹਨ। ਜਿਉਂ-ਜਿਉਂ ਸਰਦੀ ਦਾ ਜ਼ੋਰ ਵਧਦਾ ਹੈ, ਕਚਨਾਰਾਂ ਦੇ ਪੱਤਰ ਝੜਦੇ ਹਨ ਅਤੇ ਟਾਹਣੀਆਂ ਨੰਗੀਆਂ ਤੇ ਬੁੱਚੀਆਂ ਹੋ ਜਾਂਦੀਆਂ ਹਨ। ਬ੍ਰਿੰਦਾਬਨ ਦੀਆਂ ਉਨ੍ਹਾਂ ਨਹਾਉਂਦੀਆਂ ਗੋਪੀਆਂ ਵਾਂਗ ਜਿਨ੍ਹਾਂ ਦੇ ਕੱਪੜਿਆਂ ਨੂੰ ਮਨਹਰ-ਦੇਵ ਗੋਵਿੰਦ ਚੁਰਾ ਕੇ ਲੈ ਗਿਆ ਹੋਵੇ।"

ਮੱਘਰ ਮਹੀਨੇ ਕੋਈ ਖਾਸ ਤਿਉਹਾਰ ਨਹੀਂ ਮਨਾਇਆ ਜਾਂਦਾ ਤੇ ਨਾ ਹੀ ਕੋਈ ਮੇਲਾ ਵਗੈਰਾ ਭਰਦਾ ਹੈ। ਸ਼ਾਇਦ ਇਹ ਮਹੀਨਾ ਵਿਆਹ ਸ਼ਾਦੀਆਂ ਲਈ ਵਿਹਲਾ ਛੱਡਿਆ ਹੋਵੇ। ਮੌਸਮ ਪੱਖੋਂ ਇਹ

ਆਵਾਜ਼ਿ ਕੌਮ
AWAZE QAUM
International Newspaper & WEB TV

ਮਹੀਨਾ ਵਿਆਹਾਂ ਦੇ ਬਹੁਤ ਅਨੁਕੂਲ ਹੈ। ਚੀਜ਼ਾਂ ਵਸਤਾਂ ਖਰਾਬ ਨਹੀਂ ਹੁੰਦੀਆਂ, ਖੇਤੀਬਾੜੀ ਤੋਂ ਵੀ ਵਿਹਲ ਹੁੰਦੀ ਹੈ। ਮੇਲ-ਮਿਲਾਪ ਵੀ ਨਿੱਘ ਦਿੰਦਾ ਹੈ ਅਤੇ ਸੁਭਾਗ ਜੋੜੀ ਨੂੰ ਪ੍ਰਾਈਵੇਸੀ ਹੰਢਾਉਣ ਲਈ ਅਤੇ ਮਹਿਮਾਨ ਨਿਵਾਜ਼ੀ ਲਈ ਅਗਲੇ ਤਿੰਨ ਮਹੀਨੇ ਅਨੁਕੂਲ ਮੌਸਮ ਮਿਲ ਜਾਂਦਾ ਹੈ। ਵੈਸੇ ਵੀ ਅੱਗੇ ਪੋਹ-ਮਾਘ ਵਿਚ ਜ਼ਿਆਦਾ ਸਰਦੀ ਹੋ ਜਾਂਦੀ ਹੈ, ਇਸ ਲਈ ਵਿਆਹ-ਸ਼ਾਦੀਆਂ ਦਾ ਪ੍ਰਬੰਧ ਕਰਨਾ ਅਤੇ ਮਹਿਮਾਨਾਂ ਦੇ ਰਹਿਣ ਲਈ ਇੰਤਜ਼ਾਮ ਕਰਨਾ ਔਖਾ ਹੁੰਦਾ ਹੈ।

ਲੋਕ ਨਿਸ਼ਚਾ ਰਿਹਾ ਹੈ ਕਿ ਮੱਘਰ ਮਹੀਨੇ ਵਿਆਹ ਕਰਨ ਵਾਲੇ ਦੋਸਤੀ ਭਰੀ ਦੀਰਘ-ਆਯੂ ਭੋਗਦੇ ਹਨ ਅਤੇ ਸੰਤਾਨ ਦਾ ਅਨੰਦ ਪ੍ਰਾਪਤ ਕਰਦੇ ਹਨ। ਐਨ. ਆਰ. ਆਈ. ਪੰਜਾਬੀ ਵੀ ਇਨ੍ਹੀਂ ਦਿਨੀਂ ਵਤਨ ਮੁੜਨੇ ਸ਼ੁਰੂ ਹੋ ਜਾਂਦੇ ਹਨ। ਮੈਰਿਜ ਪੈਲੇਸਾਂ ਅਤੇ ਬਾਜ਼ਾਰਾਂ ਵਿਚ ਖੂਬ ਭੀੜ ਹੋਣ ਲੱਗਦੀ ਹੈ। ਸਾਰੇ ਪਾਸੇ ਵਿਆਹ ਰਚਿਆ ਲੱਗਦਾ ਹੈ: ਕੱਪੜੇ ਦੀਆਂ ਦੁਕਾਨਾਂ 'ਤੇ, ਬੁਟੀਕਾਂ 'ਤੇ, ਬਿਊਟੀ ਪਾਰਲਰਾਂ 'ਤੇ, ਸੁਨਿਆਰਿਆਂ ਦੀਆਂ ਦੁਕਾਨਾਂ 'ਤੇ ।

ਸਰਦੀਆਂ ਦੇ ਮੌਸਮ ਵਿਚ ਸਰਦੀ ਤੋਂ ਬਚਾਅ ਲਈ ਮੋਟੇ ਕੱਪੜੇ ਪਹਿਨੇ ਜਾਂਦੇ ਹਨ। ਲੋਕ ਵੰਨ-ਸੁਵੰਨੇ ਰੰਗਾਂ ਦੇ ਸਵੈਟਰ, ਜਰਸੀਆਂ, ਕੋਟੀਆਂ, ਕੋਟ-ਪੈਂਟ ਵਗੈਰਾ ਪਹਿਨੀ ਸਿਹਤਮੰਦ ਨਜ਼ਰ ਆਉਂਦੇ ਹਨ। ਕੁਝ ਸਾਲ ਪਹਿਲਾਂ ਤਾਂ ਮੱਘਰ ਦੀ ਤਿਆਰੀ ਵਜੋਂ ਕੱਤੇ ਵਿਚ ਹੀ ਮਨਿਆਰੀ ਦੀਆਂ ਦੁਕਾਨਾਂ 'ਤੇ ਕਈ ਰੰਗਾਂ ਦੀ ਉਨ ਦੇ ਢੇਰ ਲੱਗ ਜਾਂਦੇ ਸਨ। ਔਰਤਾਂ ਖੁਦ ਸਵੈਟਰ, ਜਰਸੀਆਂ, ਕੋਟੀਆਂ, ਮਫਲਰ, ਦਸਤਾਨੇ ਆਦਿ ਬੁਣਦੀਆਂ ਸਨ। ਧਿਆਨ ਕਿਸੇ ਹੋਰ ਪਾਸੇ ਰੱਖਦਿਆਂ ਵੀ ਬੁਣਾਈ ਕਰੀ ਜਾਂਦੀਆਂ ਔਰਤਾਂ ਦੀ ਕਲਾ ਦੇਖ ਕੇ ਹੈਰਾਨੀ ਹੁੰਦੀ ਸੀ। ਇਕ ਸਮਾਂ ਆਇਆ, ਜਦੋਂ ਸਕੂਲਾਂ ਵਿਚ ਪੜ੍ਹਾਉਂਦੀਆਂ 'ਭੈਣਜੀਆਂ' ਬੱਸ ਵਿਚ ਸਫਰ ਕਰਦਿਆਂ ਜਾਂ ਸਕੂਲ ਵਿਚ ਡਿਊਟੀ ਟਾਈਮ ਵਿਚ ਹੀ ਸਵੈਟਰ ਬੁਣੀ ਜਾਂਦੀਆਂ ਸਨ। ਸਮਾਂ ਬੜੀ ਤੇਜ਼ੀ ਨਾਲ ਬਦਲਿਆ ਹੈ, ਹੁਣ ਤਾਂ ਹਰ ਕੋਈ ਰੈਡੀਮੇਡ ਸਵੈਟਰ, ਜਰਸੀਆਂ, ਕੋਟ-ਪੈਂਟ ਖਰੀਦਦਾ ਹੈ। ਸਰਦੀਆਂ ਵਿਚ ਜਿਥੇ ਮਰਦ ਲੋਕ ਫੱਬ-ਫੱਬ ਪੈਂਦੇ ਹਨ, ਉਥੇ ਔਰਤਾਂ ਨੂੰ ਸਰਦੀਆਂ ਨਾਲ ਖਾਸ ਚਿੜ ਰਹੀ ਹੈ, ਕਿਉਂਕਿ ਸ਼ਾਲ ਵਗੈਰਾ ਲੈਣ ਨਾਲ ਉਨ੍ਹਾਂ ਦਾ ਜਿਸਮਾਨੀ ਰੋਅਬ ਮਾਰਿਆ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਔਰਤਾਂ ਵਿਚ ਅੱਜ ਕੱਲ੍ਹ ਸ਼ਾਲ ਲੈਣ ਦਾ ਰੁਝਾਨ ਘਟਿਆ ਹੈ ਅਤੇ ਇਨਰ-ਵੀਅਰ ਜਾਂ ਵਾਰਮ-ਵੀਅਰ ਦਾ ਰਿਵਾਜ ਵਧਿਆ ਹੈ।

ਕੱਤਕ ਵਿਚ ਤਿਆਰ ਕੀਤੀਆਂ ਅਤੇ ਨਗੰਦੀਆਂ ਰਜਾਈਆਂ-ਤਲਾਈਆਂ ਮੱਘਰ ਮਹੀਨੇ ਬੜੇ ਚਾਵਾਂ ਨਾਲ ਲਈਆਂ ਜਾਂਦੀਆਂ ਹਨ। ਪੋਲੀਆਂ-ਪੋਲੀਆਂ ਤਲਾਈਆਂ ਅਤੇ ਨਿੱਘੀਆਂ-ਨਿੱਘੀਆਂ ਰਜਾਈਆਂ ਗੁਦਗੁਦਾ ਅਹਿਸਾਸ ਪੈਦਾ ਕਰਦੀਆਂ ਹਨ। ਰਜਾਈਆਂ ਤਿਆਰ ਕਰਨ ਦਾ ਕੰਮ ਵੀ ਬੜਾ ਦਿਲਚਸਪ ਹੁੰਦਾ ਹੈ। ਹਰ ਔਰਤ ਇਹ ਕੰਮ ਨਹੀਂ ਕਰ ਸਕਦੀ। ਇਹ ਵੀ ਕਲਾ ਹੁੰਦੀ ਹੈ। ਅੱਜ ਕੱਲ੍ਹ ਤਾਂ ਰਜਾਈਆਂ ਰੈਡੀਮੇਡ ਮਿਲ ਜਾਂਦੀਆਂ ਹਨ ਅਤੇ ਰਜਾਈਆਂ ਭਰਾਉਣ ਵਾਲੀਆਂ ਦੁਕਾਨਾਂ ਵੀ ਉਪਲਬਧ ਹਨ, ਪਰ ਕੁਝ ਕੁ ਸਾਲ ਪਹਿਲਾਂ ਤੱਕ ਪਿੰਡਾਂ ਵਿਚ ਇਹ ਕਾਰਜ ਬੀਬੀਆਂ ਰਲ-ਮਿਲ ਕੇ ਕਰਦੀਆਂ ਸਨ। ਰੂੰ-ਪਿੰਜਣੀ ਮਸ਼ੀਨ 'ਤੇ ਰੂੰ ਅਤੇ ਰਜਾਈ ਦੇ ਪੱਲੇ ਲਿਜਾ ਕੇ ਉਥੇ ਹੀ ਮੋਟੇ-ਮੋਟੇ ਨਗੰਦੇ ਮਾਰ ਲਏ ਜਾਂਦੇ ਤਾਂ ਕਿ ਰੂੰ ਇਕੱਠਾ ਨਾ ਹੋ ਜਾਵੇ। ਬਾਅਦ ਵਿਚ ਘਰ ਲਿਆ ਕੇ ਉਨ੍ਹਾਂ ਨੂੰ ਸਹੀ ਤਰ੍ਹਾਂ ਨਗੰਦ ਲਿਆ ਜਾਂਦਾ। ਅੱਜ ਕੱਲ੍ਹ ਭਾਵੇਂ ਬੜੀ ਅੱਛੀ ਕੁਆਲਿਟੀ ਦੇ ਕੰਬਲ ਆ ਗਏ ਹਨ, ਪਰ ਰਜਾਈ ਵਾਲਾ ਅਨੰਦ ਤਾਂ ਰਜਾਈ ਵਿਚ ਹੀ ਆਉਂਦਾ ਹੈ।

ਇਸ ਰੁੱਤ ਵਿਚ ਸੰਜੋਗ ਅਤੇ ਵਿਯੋਗ ਦੀਆਂ ਭਾਵਨਾਵਾਂ ਸਦਾ ਭਾਰੂ ਰਹੀਆਂ ਹਨ। ਇਕ ਤਾਂ ਰਾਤਾਂ ਲੰਮੀਆਂ ਹੁੰਦੀਆਂ ਹਨ, ਦੂਜਾ ਛੇਤੀ ਹੀ ਲੋਕੀਂ ਅੰਦਰੀਂ ਵੜ ਜਾਂਦੇ ਹਨ ਅਤੇ ਦਿਨ ਚੜ੍ਹੇ ਰਜਾਈਆਂ ਵਿਚੋਂ ਨਿਕਲਦੇ ਹਨ। ਇਹ ਰੁੱਤ ਉਨ੍ਹਾਂ ਲਈ ਬੜੀ ਭਾਰੂ ਹੁੰਦੀ ਹੈ ਜੋ ਇਕਲਾਪਾ ਹੰਢਾ ਰਹੇ ਹੋਣ। ਵਿਯੋਗਣ ਲਈ ਸਰਦੀਆਂ ਡਾਢੀਆਂ ਦੁਖਦਾਈ ਹੁੰਦੀਆਂ ਹਨ। ਸਾਂਝੇ ਪਰਿਵਾਰਾਂ ਵਿਚ ਕਈ ਵਾਰ ਹੋਰ ਵੀ ਔਖੇਰਾ ਹੋ ਜਾਂਦਾ ਹੈ, ਕਿਉਂਕਿ ਪਰਿਵਾਰ ਵਿਚ ਆਪੋ-ਆਪਣੇ ਜੁੱਟ ਹੁੰਦੇ ਹਨ- ਸੱਸ-ਸਹੁਰੇ ਦਾ, ਜੇਠ-ਜਠਾਣੀ ਦਾ, ਦਿਉਰ-ਦਰਾਣੀ ਦਾ, ਪਿਉ-ਪੁੱਤਰ ਦਾ, ਮਾਂਵਾਂ-ਧੀਆਂ ਦਾ। ਪੁਰਾਣੇ ਸਮਿਆਂ ਵਿਚ ਜਦੋਂ ਬਿਜਲੀ ਨਹੀਂ ਸੀ ਹੁੰਦੀ, ਸਿਆਲ ਦੀਆਂ ਰਾਤਾਂ ਹੋਰ ਵੀ ਡਰਾਉਣੀਆਂ ਹੋ ਜਾਂਦੀਆਂ ਸਨ। ਅੱਜ ਕੱਲ੍ਹ ਬਿਜਲੀ ਅਤੇ ਟੈਲੀਵਿਜ਼ਨ ਨੇ ਜ਼ਿੰਦਗੀ ਦੀ ਰਹਿਤਲ ਵੱਡੀ ਹੱਦ ਤੱਕ ਬਦਲ ਦਿੱਤੀ ਹੈ। ਮੋਬਾਈਲ ਅਤੇ ਇੰਟਰਨੈਟ ਨੇ ਵੀ ਵੱਡਾ ਇਨਕਲਾਬ ਲੈ ਆਂਦਾ ਹੈ। ਹੁਣ ਪਰਦੇਸਣਾਂ ਪਹਿਲਾਂ ਜਿੰਨਾ ਉਦਾਸ ਤੇ ਨਿਰਾਸ਼ ਨਹੀਂ ਹੁੰਦੀਆਂ।




ਪੰਜਾਬੀ ਸਾਹਿਤ ਵਿਚ ਬਾਰਹਮਾਹ ਰਚਨਾ ਵਿਚ ਮੱਘਰ ਮਹੀਨਾ ਦੁਖਦਾਈ ਵਿਛੋੜੇ ਦਾ ਮਹੀਨਾ ਹੈ। ਵਿਯੋਗਣ ਰੋਂਦੀ ਹੈ, ਤੜਫਦੀ ਹੈ, ਹਾੜ੍ਹੇ ਕੱਢਦੀ ਹੈ, ਮਰਨ ਨੂੰ ਫਿਰਦੀ ਹੈ :

**ਮਘਰਿ ਮੈਂ ਪਾਰਿ ਮਿਤ੍ਰ ਨਾਂ ਜਾਂਦਾ**
**ਰਾਖਸ਼ ਨੇਹੁ ਹੱਡਾਂ ਨੂੰ ਖਾਂਦਾ। (ਬੁੱਲੇ ਸ਼ਾਹ)**

-

**ਮੈਨੂੰ ਮੱਘਰ ਆਇ ਡਰਾਵੰਦਾ ਏ**
**ਬਾਝ ਸਾਈਂ ਥਰੇ ਥਰ ਕੰਬਨੀ ਹਾਂ। (ਸ਼ਾਹ ਮੁਰਾਦ)**

-

**ਮੱਘਰ ਕਰੇ ਬੜਾ ਤੰਗ, ਲਗਾ ਤਨ ਸੀਤ**
**ਕਿ ਫਰਿਆ ਅੰਗ, ਮੇਰਾ ਰੰਗ ਭਇਆ ਬਦਰੰਗ। (ਬਰਖੁਰਦਾਰ)**

-

**ਸੀਤ ਸੁਹਾਣੀ ਸਰਦ ਰੁੱਤ**
**ਮੱਘਰ ਮੋ ਗਰਿ ਨਾਹੀ ਕੰਤ। (ਕੇਸਰ ਸਿੰਘ)**

-

**ਮੱਘਰ ਚੜ੍ਹੇ ਜੋ ਸਰਦੀ ਹੋਈ**
**ਬੰਦੀ ਬ੍ਰਿਹੋਂ ਨੇ ਬੰਨ ਪਰੋਈ। (ਗੁਲਾਮ ਹੁਸੈਨ)**

-

**ਚੜ੍ਹੇ ਮਘਰ ਹੋਈ ਨਿਰਾਸ਼**
**ਟੁੱਟ ਗਈ ਆਸ**
**ਪ੍ਰੋਤਾ ਮਾਸ, ਸਮੇਂ ਦੇ ਤੀਰ ਨੇ। (ਫਜ਼ਲ ਸ਼ਾਹ)**

ਸੋ, ਲੰਮੀਆਂ ਰਾਤਾਂ ਅਤੇ ਠੰਢ ਦਾ ਵਰਤਾਰਾ ਵਿਯੋਗ ਦੇ ਦਰਦ ਨੂੰ ਜ਼ਿਆਦਾ ਪ੍ਰਚੰਡ ਕਰ ਦਿੰਦਾ ਹੈ। ਉਂਜ ਪਹਿਲੇ ਵੇਲਿਆਂ ਵਿਚ ਪੰਜਾਬਣਾਂ ਇਨ੍ਹਾਂ ਲੰਮੀਆਂ ਰਾਤਾਂ ਦਾ ਫਾਇਦਾ ਤ੍ਰਿੰਜਣ ਬਿਠਾ ਕੇ ਲੈ ਲੈਂਦੀਆਂ ਸਨ। ਹਿੰਮਤੀ ਔਰਤਾਂ ਤੇ ਜੁਆਨ ਕੁੜੀਆਂ ਟਾਈਮ ਨਾਲ ਹੀ ਕਿਸੇ ਖੁੱਲ੍ਹੇ ਘਰ ਵਿਚ ਚਰਖੇ ਡਾਹ ਲੈਂਦੀਆਂ ਤੇ ਜ਼ਿਦ ਨਾਲ ਕੱਤਦੀਆਂ। ਇਸ ਮਹੀਨੇ ਕਪਾਹ ਨਵੀਂ-ਨਵੀਂ ਆਈ ਹੁੰਦੀ ਸੀ। ਕੱਤਣ ਲਈ ਮੌਸਮ ਅਨੁਕੂਲ ਹੁੰਦਾ ਸੀ, ਕਿਉਂਕਿ ਸਿੱਲ ਦਾ ਮੌਸਮ ਲੰਘ ਚੁਕਾ ਹੁੰਦਾ ਹੈ।

ਸਰੋਜਨੀ ਨਾਇਡੂ ਨੇ ਕਿਤੇ ਲਿਖਿਆ ਸੀ, "ਸਦੀਆਂ ਤੋਂ ਕਵੀ ਚਰਖੇ ਤੇ ਖੱਡੀ ਦੀ ਉਪਮਾ ਦਿੰਦੇ ਆ ਰਹੇ ਹਨ। ਹੋਣੀ ਆਪਣੇ ਚਰਖੇ ਉਤੇ ਤੰਦਾਂ ਕੱਢ ਕੱਢ ਮਨੁੱਖ ਦੀ ਕਿਸਮਤ ਉਣ ਰਹੀ ਹੈ।" ਤਕਲੇ ਵਿਚੋਂ ਨਿਕਲ ਰਹੀ ਤੰਦ ਨਿਰੰਤਰ ਸਿਰਜਣਾ ਦੀ ਪ੍ਰਤੀਕ ਹੈ। ਸੂਫੀ ਕਵੀ ਸ਼ਾਹ ਹੁਸੈਨ ਜੁਆਨ ਕੁੜੀ ਦੇ ਕੱਤਣ ਦੀ ਉਪਮਾ ਨੂੰ ਅਧਿਆਤਮਕਤਾ ਨਾਲ ਜੋੜਦਿਆਂ ਵਕਤ ਸਿਰ ਆਪਣੇ ਫਰਜ਼ ਪੂਰੇ ਕਰਨ ਲਈ ਕਹਿੰਦਾ ਹੈ:

**ਕੁਝ ਕੱਤ ਕੁੜੇ, ਕੁਝ ਵੱਟ ਕੁੜੇ**
**ਛੱਲੀ ਲਾਹ ਭਰੋਟੇ ਅੱਟ ਕੁੜੇ।**
**ਜੇ ਪੂਣੀ ਪੂਣੀ ਕੱਤੇਂਗੀ**
**ਤਾਂ ਨੰਗੀ ਮੂਲ ਨ ਵੱਤੇਂਗੀ।**

ਪੰਜਾਬਣ ਮੁਟਿਆਰ ਲਈ ਚਰਖਾ ਉਦਯੋਗਿਕ ਇਕਾਈ ਰਿਹਾ ਹੈ, ਕਲਾ ਰਿਹਾ ਹੈ, ਸਭਿਅਤਾ ਦੀ ਤੋਰ ਰਿਹਾ ਹੈ ਅਤੇ ਸਭਿਆਚਾਰ ਦਾ ਚਲਦਾ ਚੱਕਰ ਰਿਹਾ ਹੈ। ਚਰਖੇ ਨਾਲ ਬਹੁਤ ਹਾਵ-ਭਾਵ ਜੁੜੇ-ਪੁੜੇ ਹਨ। ਚਰਖਾ ਚਲਾਉਣਾ ਅਤੇ ਉਸ ਵਿਚੋਂ ਬਾਰੀਕ ਤੰਦ ਕੱਢਣਾ ਅਤੇ ਨਾਲ ਹੀ ਗਲੋਟਾ ਬਣਾ ਕੇ ਉਸ ਨੂੰ ਉਤਾਰ ਲੈਣਾ, ਕਾਮਲ ਦੀ ਕਲਾ ਸੀ ਜੋ ਸਿਰਫ ਦੇਖਣ ਨਾਲ ਹੀ ਸਮਝ ਪੈ ਸਕਦੀ ਹੈ। ਇਹ ਕੇਵਲ ਸੁਚੱਜੀ ਦੇ ਹਿੱਸੇ ਆਈ ਕਲਾ ਹੈ, ਕੁਚੱਜੀ ਦੇ ਵੱਸ ਦੀ ਗੱਲ ਨਹੀਂ। ਪੰਜਾਬਣ ਨੂੰ ਮਾਣ ਹੁੰਦਾ ਸੀ ਆਪਣੀ ਕੱਤਣੀ 'ਤੇ, ਆਪਣੇ ਚਰਖੇ 'ਤੇ, ਆਪਣੀ ਕੱਢੀ ਲੰਮੀ ਬਾਰੀਕ ਤੰਦ 'ਤੇ। ਅੱਜ ਚਰਖਾ ਭਾਵੇਂ ਨੁਮਾਇਸ਼ ਦੀ ਚੀਜ਼ ਬਣ ਗਿਆ ਹੈ, ਪਰ ਇਹ ਸੱਚ-ਮੁੱਚ ਹੀ ਪੰਜਾਬ ਦੇ ਸਭਿਆਚਾਰ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ।

ਚਰਖਾ ਬਣਾਉਣ ਵਾਲਾ ਤਰਖਾਣ ਵੀ ਚਰਖਾ ਬਣਾਉਣ ਵਿਚ ਆਪਣੀ ਕਲਾ ਦਿਖਾਉਂਦਾ ਸੀ। ਚਰਖਾ ਦਾਜ ਵਿਚ ਬੜੇ ਉਚੇਚ ਨਾਲ ਦਿੱਤਾ ਜਾਂਦਾ ਸੀ ਜੋ ਅਕਸਰ ਕਈ ਰੰਗਾਂ-ਢੰਗਾਂ ਨਾਲ ਸ਼ਿੰਗਾਰਿਆ ਹੁੰਦਾ ਸੀ। ਦਾਜ ਦਾ ਚਰਖਾ ਕਈ ਸੰਵੇਦਨਾਵਾਂ ਦਾ ਆਧਾਰ ਹੁੰਦਾ ਸੀ:

ਮਾਂ ਮੇਰੀ ਨੇ ਚਰਖਾ ਭੇਜਿਆ
ਪੀੜ੍ਹੀ ਘੜਾ ਦੇ ਤੂੰ।
ਵੇ ਸਾਰੀ ਰਾਤ ਕਤਿਆ ਕਰੂੰ
ਕੱਤਿਆ ਕਰੂੰ ਤੇਰੀ ਰੂੰ।

ਤ੍ਰਿੰਜਣ ਭਾਵੇਂ ਮਿਹਨਤ ਵਾਲਾ ਕੰਮ ਹੋਣ ਕਰ ਕੇ ਜੁਆਨ ਕੁੜੀਆਂ ਹੀ ਬਿਠਾਉਂਦੀਆਂ, ਪਰ ਉਨ੍ਹਾਂ ਵਿਚ ਕੁਝ ਸਿਆਣੀ ਉਮਰ ਦੀਆਂ ਔਰਤਾਂ ਵੀ ਜ਼ਰੂਰ ਹੁੰਦੀਆਂ ਸਨ ਤਾਂ ਕਿ ਜੁਆਨੀ 'ਤੇ ਨਜ਼ਰ ਰੱਖੀ ਜਾ ਸਕੇ। ਕੱਤਣ ਦਾ ਅਸਲੀ ਮਜ਼ਾ ਤਾਂ ਪੇਕੇ ਪਿੰਡ ਹੀ ਹੁੰਦਾ ਹੈ, ਜਿਥੇ ਹਮ-ਉਮਰ ਕੁੜੀਆਂ ਖੂਬ ਹਾਸਾ ਠੱਠਾ ਕਰਦੀਆਂ ਹਨ। ਇਕ ਦੂਜੇ ਨੂੰ ਸੰਵਾਦ-ਚੂੰਢੀ ਵੀ ਵੱਢੀ ਜਾਂਦੀ ਹੈ ਤੇ ਸਰੀਰਕ ਵੀ। ਜਵਾਨੀ ਆਪਣੀ ਹੀ ਕਿਸਮ ਦੀ ਮਸਤੀ ਹੁੰਦੀ ਹੈ ਜੋ ਦਿਨ-ਰਾਤ ਚੜ੍ਹੀ ਰਹਿੰਦੀ ਹੈ। ਮੁਕਾਬਲੇ ਵਿਚ ਆ ਕੇ ਜਦ ਦਸ-ਪੰਦਰਾਂ ਚਰਖੇ ਇਕੱਠੇ ਚਲਦੇ ਤਾਂ ਸੱਚ-ਮੁੱਚ ਐਸੀ ਘੂਕਰ ਬੰਨ੍ਹਦੇ ਜੋ ਦਿਲਾਂ ਦੀਆਂ ਤਰਬਾਂ ਛੇੜ ਦਿੰਦੀ। ਸੁਡੌਲ ਡੌਲਿਆਂ ਨਾਲ ਸੱਜੇ ਹੱਥ ਨਾਲ ਹੱਥੀ ਘੁੰਮਾ-ਘੁੰਮਾ ਕੇ 'ਘੁੰਮ ਚਰਖੜਿਆ ਘੁੰਮ' ਦਾ ਜ਼ੋਰ ਦਿੰਦਿਆ, ਖੱਬੇ ਹੱਥ ਨਾਲ ਤਕਲੇ ਤੋਂ ਚੁੱਕਿਆ ਤੰਦ ਮੋਢੇ ਤੇ ਸਿਰ ਤੋਂ ਉਪਰ ਲਿਜਾ ਕੇ ਉਸੇ ਤੱਕਲੇ 'ਤੇ ਕਲਾਮਈ ਢੰਗ ਨਾਲ ਲਪੇਟ ਕੇ ਅਗਲਾ ਤੰਦ ਚੁੱਕਿਆ ਜਾਂਦਾ, ਨਾਲ ਹੀ ਕੋਈ ਘੋੜੀ/ਸੁਹਾਗ ਗੁਣਗੁਣਾਇਆ ਜਾਂਦਾ, ਤੇ ਉਸ ਵੇਲੇ ਕੱਤਣੀ ਫਰਾਟੇ ਮਾਰਨ ਲੱਗ ਪੈਂਦੀ। ਇਹ ਤ੍ਰਿੰਜਣ ਕਈ ਵੇਰ ਬਹੁਤ ਕੁਵੇਲੇ ਤੱਕ ਚੱਲਦਾ ਰਹਿੰਦਾ। ਅੱਧੀ-ਅੱਧੀ ਰਾਤ ਤੱਕ, ਸਰਘੀ ਵੇਲੇ ਤੱਕ। ਤ੍ਰਿੰਜਣ ਦਾ ਨਕਸ਼ਾ ਹੇਠ ਲਿਖੀ ਕਵਿਤਾ ਤੋਂ ਵਧੀਆ ਕੀ ਬੰਨ੍ਹਿਆ ਜਾ ਸਕਦਾ ਹੈ:

**ਤੇ ਫੇਰ ਮੇਰੇ ਘਰ ਜਦੋਂ**
**ਆਲੇ 'ਚ ਕਿਰਨਾਂ ਬਹਿੰਦੀਆਂ**
**ਕਿਰਨਾਂ ਜਿਹੀਆਂ ਕੁਝ ਨੱਢੀਆਂ**
**ਚੰਦਨ ਦੇ ਪੀੜ੍ਹੇ ਡਾਹੁੰਦੀਆਂ**
**ਤੇ ਚਰਖੀਆਂ ਦੀ ਘੂਕ 'ਤੇ**
**ਸੱਜਣਾਂ ਦਾ ਬ੍ਰਿਹਾ ਗਾਉਂਦੀਆਂ**
**ਕੁਝ ਯਾਦ ਕੱਤਣ ਆਉਂਦੀਆਂ**
**ਕੁਝ ਦਾਜ ਕੱਤਣ ਆਉਂਦੀਆਂ**
**ਤੇ ਬਹੁਤ ਡੂੰਘੀ ਰਾਤ ਤੱਕ**
**ਭੋਰੇ 'ਚ ਰਲ ਕੇ ਬਹਿੰਦੀਆਂ**
**ਤੇ ਫੇਰ ਭਰੀਆਂ ਖਿੱਤੀਆਂ**
**ਸਿਰੇ ਜਦੋਂ ਆ ਜਾਂਦੀਆਂ**
**ਮਾਹਲਾਂ ਤਦੋਂ ਭਰੜਾਂਦੀਆਂ,**
**ਹੱਥੀਆਂ ਨੂੰ ਨੀਂਦਾਂ ਆਉਂਦੀਆਂ**
**ਦੀਵੇ ਨੂੰ ਫੂਕਰ ਮਾਰ ਕੇ**
**ਸੱਜਣਾਂ ਦੇ ਸੁਪਨੇ ਲੈਂਦੀਆਂ**
**ਕੁਝ ਹੰਢੀਆਂ ਮਸ਼ਟੰਡੀਆਂ**
**ਭੋਰੇ 'ਚ ਭੂਤਰ ਜਾਂਦੀਆਂ।**

ਮੱਘਰ ਮਹੀਨਾ ਅੰਦਰੋਂ ਮਘਣ ਦਾ ਮਹੀਨਾ ਹੈ। ਇਸ ਮਹੀਨੇ ਗਰਮਾਇਸ਼ ਅਤੇ ਤਾਕਤ ਵਧਾਉਣ ਵਾਲੇ ਪਦਾਰਥ ਬਣਾਏ ਜਾਂਦੇ ਹਨ, ਜਿਵੇਂ ਖੋਆ, ਅਲਸੀ, ਮੇਥੇ ਆਦਿ। ਇਨ੍ਹਾਂ ਦਿਨਾਂ ਵਿਚ ਦੁੱਧ ਵਾਧੂ ਹੁੰਦਾ ਹੈ ਕਿਉਂਕਿ ਖੇਤਾਂ ਵਿਚ ਛਟਾਲਾ ਭਰਪੂਰ ਹੁੰਦਾ ਹੈ। ਉਧਰੋਂ ਘਰ ਦਾ ਗੁੜ, ਮੱਕੀ ਦੀਆਂ ਛੱਲੀਆਂ, ਮੂੰਗਫਲੀ ਵਗੈਰਾ। ਨੌਜੁਆਨ ਇਨ੍ਹਾਂ ਦਿਨਾਂ ਵਿਚ ਵਧੀਆ ਖੁਰਾਕਾਂ ਖਾਂਦੇ ਹਨ ਅਤੇ ਸ਼ਾਮ ਨੂੰ ਵਿਹਲੇ ਪਏ ਖੇਤਾਂ ਵਿਚ ਖੇਡ ਵੀ ਲੈਂਦੇ ਹਨ। ਇਸ ਮਹੀਨੇ ਖੇਤਾਂ ਵਿਚ ਕੰਮ ਕਾਰ ਘਟ ਜਾਂਦਾ ਹੈ। ਪੰਜਾਬ ਦੇ ਪਿੰਡਾਂ ਵਿਚ ਇਹ ਦਿਨ ਸੁਖ ਲੈਣ ਦੇ ਦਿਨ ਕਹੇ ਜਾ ਸਕਦੇ ਹਨ। ਫਸਲ ਬੀਜੀ ਜਾ ਚੁਕੀ ਹੁੰਦੀ ਹੈ, ਮੁੱਖ ਕੰਮ ਪਸ਼ੂਆਂ ਨੂੰ ਸਾਂਭਣ ਦਾ ਹੀ ਹੁੰਦਾ ਹੈ। ਉਨ੍ਹਾਂ ਨੂੰ ਅੰਦਰ-ਬਾਹਰ ਕਰਨਾ, ਪੱਠੇ ਪਾਉਣੇ, ਧਾਰਾਂ ਕੱਢਣੀਆਂ ਆਦਿ ਹੀ ਮੁੱਖ ਆਹਰ ਹੁੰਦਾ ਹੈ।

ਸ਼ਹਿਰਾਂ ਵਿਚ ਮਾਲ-ਰੋਡਾਂ 'ਤੇ ਜਾਂ ਰੈਸਟੋਰੈਂਟਾਂ ਵਿਚ ਖਾਣ-ਪੀਣ ਦੀਆਂ ਵਸਤੂਆਂ ਵੀ ਸਰਦੀ ਦੇ ਮੌਸਮ ਦੇ ਅਨੁਕੂਲ ਮਿਲਣ ਲੱਗਦੀਆਂ ਹਨ। ਠੰਢੀ ਰਸ-ਮਲਾਈ, ਕੋਲਡ ਡਰਿੰਕ, ਆਈਸ ਕ੍ਰੀਮ, ਬੀਅਰ ਆਦਿ ਦੀ ਥਾਂ ਨਾਨ-ਵੈਜ ਆਈਟਮਾਂ ਦਾ ਜ਼ੋਰ ਵਧਣ ਲੱਗਦਾ ਹੈ। ਰੇੜ੍ਹੀਆਂ 'ਤੇ ਉਬਲੇ ਆਂਡੇ, ਮੱਛੀ, ਮੁਰਗਾ ਆਦਿ ਮਿਲਣ ਲੱਗਦੇ ਹਨ। ਚਾਹ-ਕਾਫੀ ਦੀ ਮੰਗ ਵਧਣ ਲਗਦੀ ਹੈ। ਬਰਗਰ, ਟਿੱਕੀ, ਹਾਟ-ਡਾਗ ਵੱਧ ਵਿਕਣ ਲੱਗਦੇ ਹਨ। ਸ਼ਰਾਬ ਦੀ ਵਿਕਰੀ ਵਧ ਜਾਂਦੀ ਹੈ।

ਪੰਜਾਬੀ ਸਾਹਿਤ ਵਿਚ ਇਸ਼ਕ ਹਕੀਕੀ ਅਤੇ ਇਸ਼ਕ ਮਜ਼ਾਜੀ ਦਾ ਸੰਕਲਪ ਕਾਫੀ ਭਾਰੂ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਉਸ ਪਰਮਾਤਮਾ ਤੱਕ ਪਹੁੰਚਣ ਲਈ ਪਿਆਰ ਦਾ ਸਬਕ ਜ਼ਰੂਰੀ ਹੈ, ਜੋ ਉਸ ਪਰਮਾਤਮਾ ਦੀ ਰਈਅਤ ਨਾਲ ਪਿਆਰ ਕਰ ਕੇ ਸਿੱਖਿਆ ਜਾ ਸਕਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਰੂਹਾਨੀ ਮੰਜ਼ਿਲ ਹੀ ਮਨੁੱਖ ਦਾ ਮਕਸਦ ਹੈ। ਗੁਰੂ ਅਰਜਨ ਦੇਵ ਇਸ ਮਹੀਨੇ ਦੇ ਪ੍ਰਥਾਇ ਲਿਖਦਿਆਂ ਮੱਘਰ ਮਹੀਨੇ ਦੇ ਸੁਭਾਅ ਤੋਂ ਭਲੀ ਭਾਂਤ ਜਾਣੂੰ ਹੁੰਦਿਆਂ ਲਿਖਦੇ ਹਨ:

**ਮੱਘਰ ਮਾਹਿ ਸੋਹੰਦੀਆਂ**
**ਹਰਿ ਪਿਰ ਸੰਗਿ ਬੈਠੜੀਆਹ॥**
**ਤਿਨ ਕੀ ਸੋਭਾ ਕਿਆ ਗਣੀ**
**ਜਿ ਸਾਹਿਬਿ ਮੇਲੜੀਆਹ॥**
**ਤਨੁ ਮਨੁ ਮਉਲਿਆ ਰਾਮ ਸਿਉ**
**ਸੰਗ ਸਾਧ ਸਹੇਲੜੀਆਹ॥**
**ਸਾਧ ਜਨਾ ਤੇ ਬਾਹਰੀ**
**ਸੇ ਰਹਨਿ ਇਕੇਲੜੀਆਹ॥**

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੱਘਰ ਹੈ ਤਾਂ ਮਿਲਾਪ ਦਾ ਮਹੀਨਾ ਪਰ ਮਹਾਂ-ਮਿਲਾਪ ਦੇ ਮਾਰਗ 'ਤੇ ਚੱਲਦਿਆਂ ਜ਼ਰੂਰੀ ਹੈ ਕਿ ਆਪਣੀ ਸ਼ਖਸੀਅਤ ਵਿਚ ਵਿਸ਼ੇਸ਼ ਗੁਣ ਵਿਦਮਾਨ ਕੀਤੇ ਜਾਣ। ਗੁਰੂ ਨਾਨਕ ਦੇਵ ਇਸ ਗੱਲ 'ਤੇ ਜ਼ੋਰ ਦਿੰਦੇ ਹਨ:

**ਮੱਘਰ ਮਾਹ ਭਲਾ**
**ਹਰਿ ਗੁਣ ਅੰਕਿ ਸਮਾਵਏ॥**
**ਗੁਣਵੰਤੀ ਗੁਣ ਰਵੈ**
**ਮੈ ਪਿਰ ਨਿਹਚਲ ਭਾਵਏ॥**
**ਨਿਹਚਲ ਚਤੁਰੁ ਸੁਜਾਣ ਬਿਧਾਤਾ**
**ਚੰਚਲ ਜਗਤ ਸਬਾਇਆ॥**
**ਗਿਆਨ ਧਿਆਨ ਗੁਣ ਅੰਕਿ ਸਮਾਣੇ**
**ਪ੍ਰਭ ਭਾਣੇ ਤਾ ਭਾਇਆ॥**
**ਗੀਤ ਨਾਦ ਕਵਿਤ ਕਵੇ ਸੁਣਿ**
**ਰਾਮ ਨਾਮ ਦੁਖੁ ਭਾਗੈ॥**
**ਨਾਨਕ ਸਾ ਧਨ ਨਾਹ ਪਿਆਰੀ**
**ਅਭ ਭਗਤੀ ਪਿਰ ਆਗੈ॥**

ਗੁਰੂ ਜੀ ਵੱਲੋਂ ਲਿਖਿਆ ਇਹ ਇਕੱਲਾ ਮਹੀਨਾ ਹੈ ਜਿਸ ਵਿਚ ਆਲੇ-ਦੁਆਲੇ ਦਾ ਚਿਤਰਨ ਨਹੀਂ ਹੈ। ਸਮਾਜਕ ਅਤੇ ਦੁਨਿਆਵੀ ਵਰਤਾਰੇ ਦਾ ਵਰਣਨ ਵੀ ਘੱਟ ਹੈ। ਉਨ੍ਹਾਂ ਬੱਸ ਮਨੁੱਖ ਨੂੰ ਉਪਦੇਸ਼ ਦਿੱਤਾ ਹੈ ਅਤੇ ਕੁਦਰਤ ਦੀ ਥਾਂ ਕਾਦਰ ਦਾ ਵਿਖਿਆਨ ਹੈ। ਇਸ ਦਾ ਕਾਰਨ ਕੁਝ ਵੀ ਹੋਵੇ, ਪਰ ਦੋਹਾਂ ਹੀ ਰਚਨਾਵਾਂ ਤੋਂ ਜਾਹਰ ਹੈ ਕਿ ਪੰਜਾਬ ਵਿਚ ਗਰਮੀ ਦੇ ਮਹੀਨੇ ਦੂਰ-ਦੂਰ ਰਹਿਣ ਦੇ ਮਹੀਨੇ ਹਨ ਜਦਕਿ ਮੱਘਰ ਦਾ ਮਹੀਨਾ ਘੱਟ ਸਰਦੀ ਦਾ ਮਹੀਨਾ ਹੋਣ ਕਰ ਕੇ ਮਿਲਾਪ ਦੇ ਜ਼ਿਆਦਾ ਅਨੁਕੂਲ ਹੈ। ਪੋਹ-ਮਾਘ ਵਿਚ ਸਰਦੀ ਕਾਫੀ ਹੋ ਜਾਂਦੀ ਹੈ ਅਤੇ ਬਹੁਤ ਸਰਦੀ ਦੇ ਦਿਨ ਵੀ ਸਹਿਜ ਜੀਵਨ ਨੂੰ ਉਲਟ ਪ੍ਰਭਾਵਤ ਕਰਦੇ ਹਨ। ਉਨ੍ਹਾਂ ਦਿਨਾਂ ਵਿਚ ਧੁੰਦ ਅਤੇ ਕੋਰਾ ਜੀਵਨ ਵਿਚ ਸਥਿਰਤਾ ਲੈ ਆਉਂਦੇ ਹਨ। ਮੱਘਰ ਇਸੇ ਕਰ ਕੇ ਹੀ ਵਧੀਆ ਮਹੀਨਾ ਹੈ ਕਿਉਂਕਿ ਇਸ ਮਹੀਨੇ ਵਿਚ ਅੰਗ-ਸੰਗ ਬੈਠਣਾ ਚੰਗਾ ਲੱਗਦਾ ਹੈ। ਧਾਰਮਿਕ ਪੱਖੋਂ ਭਗਤੀ, ਸਮਾਧੀ, ਚਿੰਤਨ, ਜੋਗ ਆਦਿ ਲਈ ਵੀ ਇਹ ਮੌਸਮ ਬੇਹਦ ਅਨੁਕੂਲ ਹੁੰਦਾ ਹੈ। ••

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਅਵਤਾਰ ਪੁਰਬ 15 ਨਵੰਬਰ 2024

**ਪ੍ਰਕਾਸ਼ ਪੁਰਬ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਸਿੰਘ ਸਾਹਿਬ ਜੀ**

ਦਮਦਮੀ ਟਕਸਾਲ ਦੇ ਪਹਿਲੇ ਮੁਖੀ ਸ਼ਹੀਦ ਬਾਬਾ ਦੀਪ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ



ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭ ਸ਼ੁੱਕਰਵਾਰ 10 ਵਜੇ ਹੋਵੇਗੀ ਐਤਵਾਰ 10:00 ਭੋਗ ਪੈਣਗੇ।

ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਗੁਰ ਸਿੱਖ ਪ੍ਰਵਾਰ ਭਾਈ ਇੰਦਰਜੀਤ ਸਿੰਘ ਸਾਬੀ ਵੱਲੋਂ ਸੇਵਾ ਲਈ ਗਈ ਹੈ।

☛ਸ਼ਨਿੱਚਰਵਾਰ 16 ਨਵੰਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ। ☛ਐਤਵਾਰ 17 ਨਵੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਸਤਨਾਮ ਸਿੰਘ ਦਿੱਲੀ ਵਾਲੇ ਕੀਰਤਨ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


GURU NANAK GURDWARA SMETHWICK
IN CELEBRATION OF THE AVTAR PURABH OF
DHAN DHAN SRI GURU NANAK DEV JI
GURMAT SMAGAM
12-17 NOV 2024
SRI AKHAND PAATH
ARAMBH 12 NOV - 11:30PM | BHOG 14 NOV -11:30PM
ALL DAY SMAGAM
FRIDAY 15 NOV - 4AM - 10PM | FIREWORKS 10PM
AMRIT SANCHAR
SATURDAY 16 NOV - 11AM | KAKKAR WILL BE PROVIDED
DHADI DARBAR
SATURDAY 16 NOV - 6:30-9PM
ALL DAY DIVAN
SUNDAY 17 NOV
GURU NANAK GURDWARA SMETHWICK 130 HIGH STREET | SMETHWICK | B66 3AP
FOR MORE INFO OR TO GET INVOLVED IN SEVA CALL:
BHAI HARVINDER SINGH (STAGE SECRETARY) 07872 327 419
GNG OFFICE 0121 558 2527
TS DESIGNS
ਆਵਾਜ਼ਿ ਕੌਮ
AWAZE QAUM
International Newspaper & WEB TV


!! ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਿਹ !!
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ । ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ ।।
ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਦੇ ਸਦਕਾ
ਹਰਿਆਣਾ ਸਿੱਖ ਗੁਰਦੁਆਰਾ ਮਨੇਜਮੈਂਟ ਕਮੇਟੀ ਵਲੋਂ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ
ਗੁਰਮਤਿ ਸਮਾਗਮ
ਮਿਤੀ: 17-11-2024 , ਐਤਵਾਰ, ਸ਼ਾਮ 4 ਵਜੇ ਤੋਂ ਰਾਤ 9:30 ਵਜੇ ਤੱਕ,
ਗੁ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾ: ਦਸਵੀਂ ਸੂਰਤਗੜੀਆ ਬਾਜਾਰ, ਸਿਰਸਾ ਵਿਖੇ ਕਰਵਾਇਆ ਜਾ ਰਿਹਾ ਹੈ ।
ਸਮੂਹ ਸਾਧ ਸੰਗਤ ਜੀ ਨੂੰ
ਲੱਖ-ਲੱਖ ਵਧਾਈਆਂ
ਜੱਥੇਦਾਰ ਭੁਪਿੰਦਰ ਸਿੰਘ ਜੀ ਅਸੰਧ
ਜੱਥੇਦਾਰ ਬਲਜੀਤ ਸਿੰਘ ਦਾਦੂਵਾਲ
ਭਾਈ ਕੁਲਵਿੰਦਰ ਸਿੰਘ ਜੀ
ਭਾਈ ਰਣਬੀਰ ਸਿੰਘ ਜੀ (ਸਿਰਸਾ)
(ਕਥਾਵਾਚਕ)
ਭਾਈ ਗੁਰਮੁਖ ਸਿੰਘ ਜੀ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸਮੁੱਚੇ ਅਹੁਦੇਦਾਰ/ਮੈਂਬਰ ਸਾਹਿਬਾਨਾਂ ਵਲੋਂ ਸੰਗਤਾਂ ਪ੍ਰਤੀ ਸਨਿਮਰ ਬੇਨਤੀ ਹੈ ਕਿ
ਇਸ ਸਮਾਗਮ ਵਿਚ ਪਰੀਵਾਰਾਂ ਸਮੇਤ ਪਹੁੰਚ ਕੇ ਹਾਜਰੀਆਂ ਭਰੋ ਜੀ
ਦਾਸ ਮਨੇਜਰ
ਵਲੋਂ : ਸਮੂਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਮਨੇਜਮੈਂਟ ਕਮੇਟੀ, ਗੁ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾ: ਦਸਵੀਂ ਸਮੂਹ ਸਟਾਫ ਅਤੇ ਸਾਧ ਸੰਗਤ ਸਿਰਸਾ (ਹਰਿ.)

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

**ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

**ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ**

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

**Call+393475711755 / 3208124778**




# ਆਸਟ੍ਰੇਲੀਆ ਦੇ ਸ਼ਰਧਾਲੂ ਪਰਿਵਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਵਾਲੀ ਬੱਸ ਦੀ ਕੀਤੀ ਸੇਵਾ





ਅੰਮ੍ਰਿਤਸਰ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)– ਆਸਟ੍ਰੇਲੀਆ ਨਿਵਾਸੀ ਸ. ਜਤਿੰਦਰ ਸਿੰਘ ਉੱਪਲ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇਸ਼ ਅੰਦਰ ਵੱਖ–ਵੱਖ ਥਾਵਾਂ ਉੱਤੇ ਪਹੁੰਚਾਉਣ ਲਈ ਇੱਕ ਵਿਸ਼ੇਸ਼ ਬੱਸ ਦੀ ਸੇਵਾ ਲਈ ਦਿੱਤੀ ਗਈ, ਜਿਸ ਦੀ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਅਤੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਸੌਂਪੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਮਰਯਾਦਾ ਨੂੰ ਧਿਆਨ ਵਿਚ ਰੱਖਦਿਆਂ ਇਸ ਬੱਸ ਨੂੰ ਵਿਸ਼ੇਸ਼ ਤੌਰ ’ਤੇ ਤਿਆਰ ਕਰਵਾਇਆ ਗਿਆ ਹੈ, ਜਿਸ ਅੰਦਰ 300 ਪਾਵਨ ਸਰੂਪ ਸੁਸ਼ੋਭਿਤ ਕੀਤੇ ਜਾ ਸਕਦੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੀ ਮੰਗ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਤਿਕਾਰ ਅਤੇ ਮਰਯਾਦਾ ਅਨੁਸਾਰ ਵੱਖ–ਵੱਖ ਅਸਥਾਨਾਂ ’ਤੇ ਪਹੁੰਚਾਉਣ ਦੀ ਜ਼ੁੰਮੇਵਾਰੀ ਨਿਭਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਆਸਟ੍ਰੇਲੀਆ ਦੀਆਂ ਸੰਗਤਾਂ ਦੀ ਮੰਗ ’ਤੇ ਬੀਤੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਆਸਟ੍ਰੇਲੀਆ ਭੇਜੇ ਗਏ ਸਨ, ਜਿਸ ਦੇ ਧੰਨਵਾਦ ਵਜੋਂ ਸ. ਜਤਿੰਦਰ ਸਿੰਘ ਉੱਪਲ ਅਤੇ ਉਨ੍ਹਾਂ ਦੇ ਪਰਿਵਾਰ ਨੇ ਪਾਵਨ ਸਰੂਪਾਂ ਵਾਲੀ ਵਿਸ਼ੇਸ਼ ਬੱਸ ਤਿਆਰ ਕਰਵਾ ਕੇ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸ. ਜਤਿੰਦਰ ਸਿੰਘ ਉੱਪਲ ਅਤੇ ਉਨ੍ਹਾਂ ਦਾ ਪਰਿਵਾਰ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਿਹਾ ਹੈ ਅਤੇ ਉਨ੍ਹਾਂ ਵੱਲੋਂ ਗੁਰੂ ਘਰਾਂ ਦੇ ਕਾਰਜਾਂ ਵਿਚ ਮੋਹਰੀ ਹੋ ਕੇ ਸੇਵਾਵਾਂ ਕੀਤੀਆਂ ਜਾਂਦੀਆਂ ਹਨ। ਭਾਈ ਮਹਿਤਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼ਰਧਾਲੂ ਪਰਿਵਾਰ ਦਾ ਧੰਨਵਾਦ ਵੀ ਕੀਤਾ। ਇਸ ਦੌਰਾਨ ਸ. ਜਤਿੰਦਰ ਸਿੰਘ ਉੱਪਲ ਨੇ ਕਿਹਾ ਕਿ ਗੁਰੂ ਸਾਹਿਬ ਨੇ ਆਪ ਰਹਿਮਤ ਕਰਕੇ ਉਨ੍ਹਾਂ ਪਾਸੋਂ ਇਹ ਸੇਵਾ ਲਈ ਹੈ। ਉਨ੍ਹਾਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਉਹ ਗੁਰੂ ਘਰ ਦੀਆਂ ਸੇਵਾਵਾਂ ਇਸੇ ਤਰ੍ਹਾਂ ਹੀ ਕਰਵਾਉਂਦੇ ਰਹਿਣ। ਇਸ ਮੌਕੇ ਸ. ਉੱਪਲ ਨੇ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਤਿਕਾਰ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸ. ਜਤਿੰਦਰ ਸਿੰਘ ਉੱਪਲ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ, ਲੋਈ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਮਨਜੀਤ ਸਿੰਘ, ਸ. ਹਰਭਜਨ ਸਿੰਘ ਵਕਤਾ, ਸ. ਜਤਿੰਦਰ ਸਿੰਘ ਉੱਪਲ ਦੀ ਸੁਪਤਨੀ ਬੀਬੀ ਰਵਿੰਦਰ ਕੌਰ, ਸ. ਰਾਜਪਾਲ ਸਿੰਘ, ਸ. ਜਤਿੰਦਰਪਾਲ ਸਿੰਘ, ਸੁਪ੍ਰਡੰਟ ਸ. ਨਿਸ਼ਾਨ ਸਿੰਘ, ਇੰਚਾਰਜ ਗੱਡੀਆਂ ਸ. ਨਿਰਮਲ ਸਿੰਘ, ਮੀਤ ਮੈਨੇਜਰ ਸ. ਗੁਰਤਿੰਦਰਪਾਲ ਸਿੰਘ ਆਦਿ ਮੌਜੂਦ ਸਨ।

## ਸ. ਜਤਿੰਦਰ ਸਿੰਘ ਉੱਪਰ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਤੇ ਅਧਿਕਾਰੀਆਂ ਨੇ ਕੀਤਾ ਸਨਮਾਨਿਤ






**ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਸਲਾਨਾ ਸਮਾਗਮ ਵਿੱਚ ਆਪ ਜੀ ਵੱਲੋਂ ਕੀਤੇ ਗਏ ਮੰਚ ਦੇ ਲਈ ਕਾਰਜਾਂ ਕਰਕੇ ਆਪ ਜੀ ਨੂੰ ਮੰਚ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ। ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪ ਜੀ 23 ਨਵੰਬਰ ਨੂੰ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਣਾ ਜੀ।**

# ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਨੂੰ ਜਾਬਰ ਆਖ ਵੰਗਾਰਿਆ ਤੇ ਬ੍ਰਾਹਮਣੀ ਕਰਮ-ਕਾਂਡਾਂ ਦੇ ਪਾਜ ਉਘੇੜੇ : ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ

**ਪਿੰਡ ਖੁੱਡਾ 'ਚ ਗੁਰਮਤਿ ਸਮਾਗਮ ਕਰਵਾਇਆ ਤੇ ਨਗਰ ਕੀਰਤਨ ਸਜਾਇਆ • ਪਿੰਡ ਦੀਆਂ ਹੀ ਬੀਬੀਆਂ ਨੇ ਰਲ਼ ਕੇ ਗੁਰਬਾਣੀ ਦਾ ਜਾਪ ਕੀਤਾ ਅਤੇ ਵੱਖ-ਵੱਖ ਪੜਾਵਾਂ ਉੱਤੇ ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਨੇ ਸੰਗਤਾਂ ਨੂੰ ਸ਼ਬਦ ਗੁਰੂ ਦੇ ਲੜ ਲੱਗਣ ਦੀ ਪ੍ਰੇਰਨਾ ਦਿੱਤੀ ਅਤੇ ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਸਾਂਝੀਆਂ ਕੀਤੀਆਂ**

ਅੰਮ੍ਰਿਤਸਰ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)– ਸਿੱਖ ਧਰਮ ਦੇ ਮੋਢੀ, ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਪੰਜਾਬ, ਭਾਰਤ ਤੇ ਵਿਦੇਸ਼ਾਂ 'ਚ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਸ਼ਰਧਾ, ਭਾਵਨਾ ਤੇ ਸਤਿਕਾਰ ਸਹਿਤ ਮਨਾਇਆ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੁੱਡਾ ਵਿੱਚ ਵੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਵੱਡੀ ਬੋਹੜ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਕੀਰਤਨੀ ਜੱਥਿਆਂ ਨੇ ਧੁਰ ਕੀ ਬਾਣੀ ਦਾ ਕੀਰਤਨ ਕੀਤਾ ਤੇ ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਫਿਰ ਪਿੰਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ। ਜਿੱਥੇ ਪਿੰਡ ਦੀਆਂ ਹੀ ਬੀਬੀਆਂ ਨੇ ਰਲ਼ ਕੇ ਗੁਰਬਾਣੀ ਦਾ ਜਾਪ ਕੀਤਾ ਅਤੇ ਵੱਖ–ਵੱਖ ਪੜਾਵਾਂ ਉੱਤੇ ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਨੇ ਸੰਗਤਾਂ ਨੂੰ ਸ਼ਬਦ ਗੁਰੂ ਦੇ ਲੜ ਲੱਗਣ ਦੀ ਪ੍ਰੇਰਨਾ ਦਿੱਤੀ ਅਤੇ ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਸਾਂਝੀਆਂ ਕੀਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੋ ਜਗਤ ਗੁਰੂ, ਨਿਆਰੀ ਸਿੱਖ ਕੌਮ ਦੇ ਰਹਿਬਰ, ਆਪ ਨਿਰੰਕਾਰ, ਬ੍ਰਹਮੰਡੀ ਚੇਤਨਾ ਦੇ ਨਾਇਕ, ਉੱਚ ਮਿਆਰੀ ਨੈਤਿਕ ਕਦਰਾਂ ਕੀਮਤਾਂ ਭਰਪੂਰ ਹਲੇਮੀ ਰਾਜ ਸੰਕਲਪ ਦੇ ਸਿਰਜਣਹਾਰੇ, ਬ੍ਰਾਹਮਣੀ ਕਰਮ ਕਾਂਡਾਂ ਦੇ ਪਾਜ ਉਘੇੜਨ ਵਾਲੇ ਤੇ ਬਾਬਰ ਨੂੰ ਜਾਬਰ ਆਖ ਵੰਗਾਰਨ ਵਾਲੇ ਪਰਮੇਸ਼ਰ ਦਾ ਸਰੂਪ ਸਨ। ਉਹਨਾਂ ਨੇ ਸਾਨੂੰ "ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰ ਧਰਿ ਤਲੀ ਗਲੀ ਮੇਰੀ ਆਉ।। ਇਤ ਮਾਰਗਿ ਪੈਰੁ ਧਰੀਜੈ।। ਸਿਰ ਦੀਜੈ ਕਾਣਿ ਨ ਕੀਜੈ।।" ਦਾ ਉਪਦੇਸ਼ ਦਿੱਤਾ ਜਿੰਨਾਂ ਵਿਚਲੀ ਵੰਗਾਰ ਉੱਤੇ ਸਿੱਖ ਆਪਣੇ ਸਿਰ ਗੁਰੂ ਨੂੰ ਅਰਪਣ ਕਰ ਦਿੰਦੇ ਹਨ। ਉਹਨਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਵਹਿਮਾਂ, ਭਰਮਾਂ, ਪਖੰਡਾਂ ਵਿੱਚੋਂ ਕੱਢ ਕੇ ਸ਼ਬਦ ਗੁਰੂ ਦੇ ਲੜ ਲਾਇਆ। ਗੁਰੂ ਨਾਨਕ ਸਾਹਿਬ ਜੀ ਨੇ ਸੱਜਣ ਠੱਗ, ਕੌਡਾ ਰਾਖਸ਼, ਭੂਮੀਆ ਚੋਰ, ਨੂਰਾ ਜਾਦੂਗਰਨੀ ਤੇ ਹੋਰਾਂ ਨੂੰ ਸਿੱਧੇ ਰਾਹ ਪਾ ਕੇ ਲੋਕਾਈ ਦਾ ਭਲੇ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਜੀ ਨੇ ਸਰਬੱਤ ਦਾ ਭਲਾ, ਸਰਬ ਸਾਂਝੀਵਾਲਤਾ, ਅਜ਼ਾਦੀ ਅਤੇ ਸਵੈਮਾਣ ਵਾਲਾ ਜੀਵਨ ਅਤੇ ਇੱਕ ਅਕਾਲ ਪੁਰਖ ਵਾਹਿਗੁਰੂ ਨਾਲ ਜੁੜਨ ਦਾ ਹੁਕਮ ਕੀਤਾ ਜਿਸ ਉੱਤੇ ਪਹਿਰਾ ਦੇ ਕੇ ਅਸੀਂ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਾਂ। ਉਹਨਾਂ ਸਮੂਹ ਸੰਗਤਾਂ ਨੂੰ ਕਿਹਾ ਕਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਝੁਕਾਓ ਅਤੇ ਦੇਹਧਾਰੀਆਂ, ਮੜੀਆਂ–ਮਸਾਣਾਂ ਤੇ ਜਠੇਰਿਆਂ ਦਾ ਖਹਿੜਾ ਛੱਡੋ। ਅੰਮ੍ਰਿਤਧਾਰੀ, ਕੇਸਾਧਾਰੀ ਤੇ ਸ਼ਸਤਰਧਾਰੀ ਹੋਵੋ। ਇਸ ਮੌਕੇ ਮੁੱਖ ਸੇਵਾਦਾਰ ਭਾਈ ਬਲਬੀਰ ਸਿੰਘ ਪੱਪੀ, ਭਾਈ ਦਲਜੀਤ ਸਿੰਘ ਗ੍ਰੰਥੀ, ਭਾਈ ਸੁਰਜੀਤ ਸਿੰਘ ਗ੍ਰੰਥੀ, ਭਾਈ ਸਵਰਨ ਸਿੰਘ ਘੜੀਆਂ ਵਾਲੇ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਕਮਲਜੀਤ ਕੌਰ ਨਿਹੰਗ, ਗੁਰਪੰਥ ਪ੍ਰਥਮ ਸਿੰਘ ਤੇ ਗੁਰਬਾਜ ਸਿੰਘ ਆਦਿ ਹਾਜ਼ਰ ਸਨ।










ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਇੱਕ ਨਜ਼ਰ ...




## 13ਵੇਂ ਰਾਸ਼ਟਰੀ ਨਾਟਿਯਾਮ ਫੈਸਟੀਵਲ ਦਾ ਆਗਾਜ਼ , ਬਠਿੰਡਾ ਦੇ 'ਬਲਵੰਤ ਗਾਰਗੀ ਥਿਏਟਰ' ਵਿੱਚ

ਜਿਲਾ ਭਾਸ਼ਾ ਅਫਸਰ ਕਿਰਤੀ ਕਿਰਪਾਲ ਸਿੰਘ ਅਤੇ ਜਿਲਾ ਖੋਜ ਅਫਸਰ ਨਵਪ੍ਰੀਤ ਸਿੰਘ ਸਰਾਂ ਨੇ ਦੱਸਿਆ ਕਿ 13ਵੇਂ ਰਾਸ਼ਟਰੀ ਨਾਟਿਯਾਮ ਫੈਸਟੀਵਲ ਦੀ ਕੜੀ ਵਜੋਂ 14 ਨਵੰਬਰ ਤੋਂ 28 ਨਵੰਬਰ 2024 ਤੱਕ, ਲਗਾਤਾਰ 15 ਦਿਨ ਵੱਖੋ-ਵੱਖ ਭਾਸ਼ਾਵਾਂ ਨਾਲ ਸੰਬੰਧਤ ਨਾਟਕ ਲੜੀਵਾਰ ਖੇਡੇ ਜਾਣਗੇ।ਇਸ ਫੈਸਟੀਵਲ ਦਾ ਉਦਘਾਟਨ ਕੱਲ੍ਹ ਰਾਤੀਂ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ , ਸਥਾਨਕ ਵਿਧਾਇਕ ਜਗਰੂਪ ਸਿੰਘ ਗਿੱਲ ਅਤੇ ਨੀਲ ਗਰਗ ਚੇਅਰਮੈਨ ,ਪੰਜਾਬ ਮਧਿਆਮ ਉਦਯੋਗ ਵਿਕਾਸ , ਵਿਭਾਗ ਨੇ ਸ਼ਮਾਂ ਰੋਸ਼ਨ ਕਰਕੇ ਕੀਤਾ ਡਾ.ਗੁਰਿੰਦਰਪਾਲ ਸਿੰਘ, ਰਜਿਸਟਰ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਟੀ ਹੁਰਾਂ ਆਏ ਦਰਸ਼ਕਾਂ ਨੂੰ ਖੁਸ਼ਆਮਦੀਦ ਕਹਿ ਕੇ ਨਿੱਘਾ ਸਵਾਗਤ ਕੀਤਾ। ਪਹਿਲਾ ਨਾਟਕ 'ਅਲਬੇਲਾ ਗਾਉਂ ' ਰਾਜਸਥਾਨ ਦੀ ਰੰਗ ਕਰਮੀ ਟੀਮ ਵੱਲੋਂ ਉੱਘੇ ਰੰਗ ਕਰਮੀ 'ਗਗਨ ਮਿਸ਼ਰਾ' ਦੀ ਨਿਰਦੇਸ਼ਨਾ ਵਿਚ ਖੇਡਿਆ ਗਿਆ। ਨਾਟਕ ਨੇ ਅਜਿਹਾ ਰੰਗ ਬੰਨ੍ਹਿਆ ਕਿ ਦਰਸ਼ਕਾਂ ਨੇ ਮੰਤਰਮੁਗਧ ਹੋ ਕੇ ਨਾਟਕ ਦਾ ਖੂਬ ਆਨੰਦ ਮਾਣਿਆ। ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਰੰਗ ਕਰਮੀਆਂ ਦੀ ਕਲਾ ਦਾ ਸਵਾਗਤ ਵੀ ਖੁੱਲ੍ਹੇ ਦਿਲ ਨਾਲ ਦਾਦ ਦੇ ਕੇ ਕੀਤਾ । ਫੈਸਟੀਵਲ ਦਾ ਪਹਿਲਾ ਦਿਨ ਹੀ ਯਾਦਗਾਰੀ ਹੋ ਨਿਬੜਿਆ। ਇਸ ਲਈ ਸਮੁੱਚਾ ਸਹਿਯੋਗੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਭਾਸ਼ਾ ਅਫਸਰ ਕਿਰਤੀ ਕਿਰਪਾਲ ਸਿੰਘ,ਡਾਕਟਰ ਪੂਜਾ ਗੁਪਤਾ,ਡਾਕਟਰ ਕਸ਼ਿਸ਼ ਗੁਪਤਾ,ਸੁਦਰਸ਼ਨ ਗੁਪਤਾ,ਡਾ ਜਸਵਿੰਦਰ ਸਿੰਘ ਅਤੇ ਭਾਸ਼ਾ ਵਿਭਾਗ ਦਾ ਪੂਰਾ ਅਮਲਾ ਵਧਾਈ ਦਾ ਪਾਤਰ ਹੈ। ਨਵਾਂ ਬਣਿਆ "ਬਲਵੰਤ ਗਾਰਗੀ" ਨਾਟਿਯਾਮ ਥਿਏਟਰ ਅੱਜ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ।ਜਿੱਥੇ ਇਹ ਨਵਾਂ ਬਣਿਆ "ਬਲਵੰਤ ਗਾਰਗੀ " ਥਿਏਟਰ ਬਠਿੰਡਾ ਵਾਲਿਆਂ ਲਈ ਵਰਦਾਨ ਵਾਂਗੂ ਹੈ ਉੱਤੋਂ ਨਵੇਂ ਬਣੇ ਇਸ ਥਿਏਟਰ ਵਿਚ 13ਵਾਂ ਰਾਸ਼ਟਰੀ ਨਾਟਿਯਾਮ ਫੈਸਟੀਵਲ ਮਨਾਇਆ ਜਾਣਾ 'ਸੋਨੇ ਤੇ ਸੁਹਾਗੇ ' ਵਾਗੂੰ ਹੋ ਗਿਆ ਹੈ।ਇਸ ਮੌਕੇ ਸਾਹਿਤਕਾਰ ਲਛਮਣ ਸਿੰਘ ਮਲੂਕਾ,ਸੁਰਿੰਦਰਪ੍ਰੀਤ ਘਣੀਆ,ਸ਼ੁਖਦਰਸ਼ਨ ਗਰਗ,ਅਮਰਜੀਤ ਸਿੰਘ ਜੀਤ, ਮਾਸਟਰ ਜਗਨ ਨਾਥ ਅਤੇ ਕਲਾ ਨਾਲ ਜੁੜੀਆਂ ਹੋਰ ਅਨੇਕਾਂ ਹਸਤੀਆਂ ਵੀ ਦਰਸ਼ਕਾਂ ਵਿਚ ਹਾਜ਼ਰ ਸਨ ਮੰਚ ਸੰਚਾਲਨ ਪ੍ਰੋਫ਼ੈਸਰ ਸੰਦੀਪ ਸਿੰਘ ਹੁਰਾਂ ਬਾਖੂਬੀ ਨਿਭਾਇਆ।

**ਅਮਰਜੀਤ ਸਿੰਘ ਜੀਤ 9417287122**

## ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਰੰਗ ਤਿਰੰਗ ਅਤੇ ਬਾਲ ਦਿਵਸ ਮਨਾਇਆ

### ਜੇਤੂ ਬੱਚਿਆਂ ਨੂੰ ਤਾੜੀਆਂ ਦੀ ਗੂੰਜ ਵਿੱਚ ਕੀਤਾ ਗਿਆ ਸਨਮਾਨਿਤ: ਹੈੱਡ ਟੀਚਰ ਮੈਡਮ ਸੀਮਾ ਰਾਣੀ



ਜਗਰਾਉਂ, 15 ਨਵੰਬਰ (ਵਰਿਆਮ ਹਠੂਰ)- ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਹੈੱਡ ਟੀਚਰ ਮੈਡਮ ਸੀਮਾ ਰਾਣੀ ਦੀ ਦੇਖ ਰੇਖ ਹੇਠ ਰੰਗ ਤਿਰੰਗ ਅਤੇ ਬਾਲ ਦਿਵਸ ਧੂਮ ਧਾਮ ਨਾਲ ਮਨਾਇਆ, ਸਕੂਲ ਵਿੱਚ ਗ੍ਰਾਮ ਪੰਚਾਇਤ, ਕਲੱਬਾਂ, ਅਤੇ ਬੱਚਿਆਂ ਦੇ ਮਾਪਿਆਂ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਤੇ ਪ੍ਰੋਗਰਾਮ ਨੂੰ ਹੋਰ ਵੀ ਚਾਰ ਚੰਨ ਲਾਏ, ਹੈੱਡ ਟੀਚਰ ਮੈਡਮ ਸੀਮਾ ਰਾਣੀ ਸਮੇਤ ਸਕੂਲ ਸਟਾਫ਼ ਨੇ ਸਾਰਿਆਂ ਨੂੰ ਸਕੂਲ ਪਹੁੰਚਣ ਤੇ ਜੀ ਆਇਆਂ ਆਖਿਆ, ਬਾਲ ਦਿਵਸ ਮੌਕੇ ਪ੍ਰੋਗਰਾਮ ਵਿੱਚ ਸਕੂਲ ਦੇ ਬੱਚਿਆਂ ਨੇ ਖੂਬ ਸਾਰਾ ਮਨੋਰੰਜਨ ਕੀਤਾ, ਤੇ ਸਕੂਲ ਸਟਾਫ਼ ਵੱਲੋਂ ਬੱਚਿਆਂ ਲਈ ਖਾਣ ਪੀਣ ਲਈ ਵੀ ਪ੍ਰਬੰਧ ਕੀਤੇ ਗਏ, ਇਸ ਤੋਂ ਇਲਾਵਾ ਬੱਚਿਆਂ ਵਿਚਕਾਰ ਡਰਾਇੰਗ ਮੁਕਾਬਲੇ, ਅਤੇ ਇੰਗਲਿਸ਼ ਕੁਇਜ਼ ਮੁਕਾਬਲੇ ਵੀ ਕਰਵਾਏ ਗਏ, ਡਰਾਇੰਗ ਵਿੱਚ ਬੱਚਿਆਂ ਨੇ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਸ਼ਾਨਦਾਰ ਚਾਰਟ ਬਣਾ ਕੇ ਸਕੂਲ ਸਟਾਫ਼ ਨੂੰ ਵਿਖਾਏ ਤੇ ਇੰਗਲਿਸ਼ ਕੁਇਜ਼ ਮੁਕਾਬਲੇ ਵਿੱਚ ਵੀ ਬੱਚਿਆਂ ਨੂੰ ਚੰਗੀ ਮਿਹਨਤ ਕੀਤੀ ਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਹੋਰ ਬੱਚਿਆਂ ਦੀ ਜ਼ਰੂਰਤ ਵਾਲਾ ਸਮਾਨ ਬੈਗ, ਸਟੇਸ਼ਨਰੀ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਸਾਰੇ ਬੱਚਿਆਂ ਨੂੰ ਬਾਲ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ, ਤੇ ਬੱਚਿਆਂ ਨੂੰ ਬਾਲ ਦਿਵਸ ਸਬੰਧੀ ਚਾਨਣਾ ਪਾਇਆ, ਗੱਲਬਾਤ ਕਰਦਿਆਂ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਬਾਲ ਦਿਵਸ ਪੰਡਤ ਜਵਾਹਰ ਲਾਲ ਨਹਿਰੂ ਜੀ ਨਾਲ ਰਿਲੇਟਡ ਹੈ। ਤੇ 14 ਨਵੰਬਰ ਦਾ ਦਿਨ ਚਿਲਡਰਨ ਡੇ ਜਾਣੀ ਬਾਲ ਦਿਵਸ ਸਾਰੇ ਸਕੂਲਾਂ ਵਿੱਚ ਖ਼ਾਸ ਤੌਰ ਤੇ ਮਨਾਇਆ ਜਾਂਦਾ ਹੈ। ਸਾਡੇ ਸਕੂਲ ਵਿੱਚ ਵੀ ਬਾਲ ਦਿਵਸ ਮੌਕੇ ਬੱਚਿਆਂ ਨੇ ਮਨੋਰੰਜਨ ਕੀਤਾ, ਤੇ ਨਾਲ ਨਾਲ ਡਰਾਇੰਗ ਮੁਕਾਬਲੇ ਅਤੇ ਇੰਗਲਿਸ਼ ਕੁਇਜ਼ ਮੁਕਾਬਲੇ ਕਰਵਾਏ ਤੇ ਜੇਤੂ ਬੱਚਿਆਂ ਨੂੰ ਹਰ ਵਾਰ ਦੀ ਤਰ੍ਹਾਂ ਸਨਮਾਨਿਤ ਕੀਤਾ ਗਿਆ, ਜੇਤੂ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ ਬਹੁਤ ਮੁਬਾਰਕਾਂ, ਇਸ ਮੌਕੇ ਹੈੱਡ ਟੀਚਰ ਮੈਡਮ ਸੀਮਾ ਰਾਣੀ ਮੈਡਮ ਮੋਨਿਕਾ ਜੈਨ, ਰਾਜਵੰਤ ਕੌਰ, ਅਨੂ ਰਾਣੀ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਗੁਰਜੀਤ ਕੌਰ, ਪ੍ਰੀਤ ਸਿੰਘ, ਧਰਮਿੰਦਰ ਸਿੰਘ, ਤੋਂ ਇਲਾਵਾ ਗ੍ਰਾਮ ਪੰਚਾਇਤ ਵਿੱਚ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਅਤੇ ਹੋਰ ਮੈਂਬਰਾਂ ਸਮੇਤ ਪਤਵੰਤੇ ਸੱਜਣ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਹਿੰਦੂ -ਸਿੱਖ ਭਾਈਚਾਰਾ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਭਾਰਤ ਦੇਸ਼ ਇਕ ਬਹੁ-ਪੱਖੀ ਧਰਮਾਂ ਆਧਾਰਤ ਬਹੁ-ਪੱਖੀ ਭਾਈਚਾਰਕ ਸਾਂਝਾਂ ਦਾ ਦੇਸ਼ ਹੈ।ਇਸ ਦੇਸ਼ ਵਿਚ ਇਸ ਤਰਾਂ ਦੇ ਵੱਖਰੇ ਵੱਖਰੇ ਭਾਈਚਾਰਿਆਂ ਵਿੱਚੋਂ ਸਿੱਖ ,ਹਿੰਦੂ ਤੇ ਮੁਸਲਮਾਨ ਤਿੰਨ ਉੱਘੇ ਧਰਮ ਹਨ ,ਜਿੰਨਾਂ ਦੀ ਆਪਸੀ ਕੌਮੀਅਤ ਤੇ ਆਪਸੀ ਭਾਈਚਾਰਕ ਸਾਂਝ ਸਦੀਆਂ ਤੋਂ ਬਣੀ ਚਲੀ ਆਈ ਹੈ ।ਹਿੰਦੂ , ਸਿੱਖਾਂ ਦੀ ਨੇੜਤਾ ਬਹੁਤ ਨੇੜੇ ਦੀ ਰਹੀ ਅਤੇ ਇਸ ਦਾ ਵੀ ਸਦੀਆਂ ਤੋਂ ਇਕਸਾਰਤਾ ਪਿਛੋਕੜ ਚੱਲਿਆ ਆ ਰਿਹਾ ਹੈ।ਸਮੇਂ ਦੇ ਹਾਲਾਤਾਂ ਅਨੁਸਾਰ ਜੋ ਜ਼ੁਲਮ 1984 ਸਮੇ ਇਕ ਰਾਜਸੀ ਕਾਂਗਰਸ ਖਾਨਦਾਨ ਨੇ ਕੀਤਾ ।ਉਹ ਅਸਹਿ ਹੈ ਤੇ ਸਦਾ ਰਹੇਗਾ, ਪਰੰਤੂ ਉਸ ਦੀ ਹੀ ਰਟ ਆਸਰੇ , ਦੇਸ਼, ਸਮਾਜ ਦੇ ਦੁਸ਼ਮਣ ,ਬਦੇ.ਸ਼ਾਂ ਵਿਚ ਕਈ ਤਰਾਂ ਦਾ ਅੱਵਲਪੁਣਾ ਕਰਕੇ " ਹਿੰਦੂ-ਸਿੱਖਾਂ " ਵਿੱਚ ਪਾੜਾ ਵਦਾਉਦੇ ਹਨ ।ਗੁਮਰਾਹ ਤੇ ਝੂਠਾ ਪ੍ਰਚਾਰ ਕਰਦੇ ਹਨ ।ਕੈਨੇਡਾ ਵਿੱਚ ਹੋਈਆਂ ਮੰਦਭਾਗੀ ਘਟਨਾਵਾਂ ਆਧਾਰ ਝੂਠ ਦੇ ਆਸਰੇ ਕੁਝ ਸਿੱਖ ਹੀ ਸਿੱਖਾਂ ਨੂੰ ਗੁਮਰਾਹ ਕਰ ਰਹੇ ਹਨ ।ਵੈਸਟ ਲੰਡਨ ਦੇ ਇਕ ਗੁਰਪ੍ਰੀਤ ਸਿੰਘ ਨੇ ਆਪਣੇ ਵੀਡੀਓ ਸੁਨੇਹੇ ਵਿੱਚ ਅਜਿਹਾ ਹੀ ਕੀਤਾ ਲਗਦਾ ਹੈ ।ਇਸ ਔਖੇ ਸਮੇਂ ਕੁਝ ਸੁਹਿਰਦ ਸਿੱਖਾਂ ਤੇ ਹਿੰਦੂਆਂ ਨੇ ਮੀਡੀਆ ਪਲੇਟਫਾਰਮਾ ਰਾਹੀ ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ ਸੀ। ਤਦ ਗੁਰਪ੍ਰੀਤ ਨੇ ਇਸ ਦਾ ਵਿਰੋਧ ਕਰਕੇ ਪਾੜਾ ਵਧਾਉਣ ਲਈ ਕਿਹਾ ।ਉਸ ਨੇ ਸਿੱਧਾ ਸਵਾਲ ਕਰਕੇ ਉੱਤਰ ਮੰਗਿਆ ਹੈ ।ਉਸ ਨੇ ਪਿੱਛੇ ਦੇਸ਼ ਦੇ ਬੀਤੇ ਹਾਲਾਤਾਂ ਵਿੱਚੋਂ ਮੁੱਦਾ ਬਣਾ ਕੇ ਗੱਲ ਕੀਤੀ ਹੈ , ਜਦ ਕਿ ਸਾਡੀ ਮੌਜੂਦਾ ਸਮੱਸਿਆ , ਬਦੇ.ਸ਼ਾਂ ਵਿੱਚ ਰਹਿ ਰਹੇ ਲੋਕਾਂ ਦੀ ਹੈ । ਇਹ ਉਹੀ ਸੁਭਾ ਕਿ ਕਿਸੇ ਵੀ ਬਹਾਨੇ ਲੋਕਾਂ ਵਿੱਚ ਨਫ਼ਰਤ ਫੈਲਾਈ ਜਾਵੇ ।ਸਾਡੇ ਭਾਈਚਾਰਿਆਂ ਵਿੱਚ ਵਪਾਰਕ ਆਧਾਰ ਤੇ ਬੇਗਿਣਤ ਕਿੱਤਿਆਂ ਦੀਆਂ ਸਾਂਝਾ ਹਨ ।ਉਹਨਾਂ ਨੂੰ ਚਲਾਉਣ ਵਾਲੇ ਲੋਕ ਵੀ ਹਜ਼ਾਰਾਂ ਹੀ ਸਿੱਖ ਅਤੇ ਹਿੰਦੂ ਹੀ ਹਨ । ਕਿਸੇ ਵੀ ਮੇਲ ਮਿਲਾਪ ਨੂੰ ਉਪਰੋਕਤ ਸੱਜਣ ਢਿੱਲੀ ਕਰ ਸਕੇ , ਇਸ ਦੀ ਬਹੁਤ ਗਲਤ ਸੋਚ ਹੈ । ਇਹ ਸੋਚ ਸਿੱਖੀ ਦੇ ਵਿਰੋਧ ਵਿੱਚ ਹੈ ।ਇਹਨਾਂ ਪੱਛਮੀ ਮੁਲਕਾਂ ਵਿੱਚ ਤਾਂ ਕਿਸੇ ਵੀ ਸਮਾਜ ਨੂੰ ਟਾਰਗਿਟ ਕਰਨਾ ਕਾਨੂੰਨੀ ਵਿਰੋਧੀ ਹੈ ।ਇਸ ਪਾੜੇ ਆਸਰੇ ਕੋਈ ਦੁਕਾਨਦਾਰ , ਵਪਾਰੀ ਇਹ ਨਹੀਂ ਕਹਿ ਸਕਦਾ ਕਿ ਮੈਂ ਫਲਾਂ ਅਥਵਾ ਉਸ ਵੱਲੋਂ ਕਹੇ ਸਮਾਜ ਨੂੰ ਸਰਵ ਨਹੀ ਕਰਨਾ । ਰੇਸ ਰੀਲੇਸ਼ਨ ਐਕਟ , ਸਿਵਲ ਲਿਬਰਟੀ ਆਦੇ.ਸ਼ਾਂ ਆਧਾਰ ਤੇ ਬਰਾਬਰਤਾ ਰੱਖਣੀ ਕਾਨੂੰਨੀ ਸ਼ਰਤਾਂ ਹਨ । ਗੁਰਪ੍ਰੀਤ ਜੋ ਸ਼ਾਇਦ ਖੁਦ ਵੀ ਦੁਕਾਨਦਾਰ ਹੋਵੇ ਜਾਂ ਨਾ , ਸਮਾਜਿਕ ਤੇ ਸਹੀ ਵਤੀਰੇ ਦੀ ਜ਼ੁੰਮੇਵਾਰੀ ਤੋਂ ਮੁਨਕਰ ਨਹੀਂ ਹੋ ਸਕਦਾ । ਉਸ ਨੂੰ ਸਮਾਜਿਕ ਪਾੜਾ ਪੁਆਉਣ ਦਾਂ ਵਧਾਉਣ ਦਾ ਕੋਈ ਅਧਿਕਾਰ ਨਹੀਂ ਹੈ। ਜਿਹੜੇ ਐਸੇ ਲੋਕ ਪੰਜਾਬ ਜਾਂ ਭਾਰਤ ਵਿੱਚ ਜਨਮੇ ਤੇ ਪਿਛਲੇ ਸਮੇਂ ਵਿਚ ਇਹਨਾਂ ਪੱਛਮੀ ਮੁਲਕਾਂ ਵਿੱਚ ਆਏ ਹਨ , ਉਹ ਵੱਡੇ ਭੁਲੇਖੇ ਵਿੱਚ ਹਨ , ਕਿ ਜੇਕਰ ਇੱਥੇ ਭੀ ਪਿਛੋਕੜ ਦੇ ਨਫ਼ਰਤ ਦੀਆਂ ਆਦਤਾਂ ਪੁੱਗਾ ਸਕਦੇ ਹਨ ?ਭਾਵੇ ਇੱਥੇ ਆ ਕੇ ਉਹਨਾਂ ਵਿੱਦਿਆ ਤਾਂ ਲੈ ਲਈ ਪਰ ਸਮਾਜਿਕ ਭਲਾਈ ਦੇ ਜੋੜ ਪੱਖੋਂ ਉਹ ਅਧੂਰੇ ਹਨ ਜਾਂ ਗੁਮਰਾਹ ਕਰਦੇ ਹੋਏ ਦੋ-ਰੁੱਖੀ ਹਨ ।ਅਜਿਹਾ ਦੋਗਲਾਪਨ ਸਿੱਖਾਂ ਨੂੰ ਬਦਨਾਮ ਕਰਦਾ ਹੈ ।ਅਸੀ ਤੇ ਸਾਥੋਂ ਪਹਿਲਾਂ ਆਈ ਬਜ਼ੁਰਗ ਪੀੜੀ ਨੇ ਗੋਰਿਆਂ ਦੇ ਇਹਨਾਂ ਦੇਸ਼ਾਂ ਵਿਚ ਨਸਲੀ ਵਿਤਕਰਿਆਂ ਦਾ ਮੁਕਾਬਲਾ ਕੀਤਾ । ਉੱਪਰ ਦੱਸੇ ਅਨੁਸਾਰ ਨਸਲੀ ਵਿਤਕਰੇ ਨੂੰ ਨਥ ਪਾਉਣ ਲਈ ਕਾਨੂੰਨ ਬਣਵਾਏ ਤੇ ਅੱਜ ਦੇ ਦਿਸ ਰਹੇ ਨਾਰਮਲ ਵਾਤਾਵਰਣ ਦੇ ਹਾਲਾਤ ਪੈਦਾ ਕੀਤੇ । ਜੇਕਰ ਅਜ ਕੋਈ ਭੀ ਭਾਈਚਾਰਕ ਸਾਂਝ ਨਾਲ ਖਿਲਵਾੜ ਕਰੇ ਬਰਦਾਸ਼ਤ ਨਹੀ ਕੀਤਾ ਜਾ ਸਕਦਾ ।ਕਿਸੇ ਭੀ ਇਕ ਸੱਤਾਧਾਰੀ ਟੋਲੇ ਵਲੋ ਢਾਹੇ ਕਹਿਰ ਨੂੰ ਲੈਕੇ ਸਮੁੱਚੇ ਹਿੰਦੂ-ਸਿੱਖਾਂ ਨੂੰ ਟਾਰਗਿਟ ਕਰਨਾ ਸਮੁੱਚੀ ਇਨਸਾਨੀਅਤ ਅਤੇ ਸਿੱਖ ਸਿਧਾਂਤ ਦੇ ਵਿਰੁੱਧ ਹੈ । ਗੁਰੂ ਕਾਲ ਸਮੇਂ ਬਾਬਰ ਤੋਂ ਲੈ ਕੇ ਔਰੰਗਜੇਬ ਤੱਕ ਕੀ ਕੀ ਜ਼ੁਲਮ ਹੋਇਆ ? , ਇਹ ਹੁਕਮਰਾਨ ਮੁਸਲਮਾਨ ਸਨ । ਪਰੰਤੂ ਕਦੇ ਕਿਸੇ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਇਹ ਆਦੇਸ਼ ਨਹੀਂ ਦਿੱਤਾ ਕਿ , ਸਿੱਖ- ਮੁਸਲਿਮ ਭਾਈਚਾਰਕ ਸਾਂਝ ਨਾ ਰਖੀ ਜਾਵੇ । ਸਗੋ ਸਾਂਝਾ ਹੋਰ ਪੱਕੀਆਂ ਵੀ ਹੋਈਆਂ ।ਕਈ ਪੱਖਾਂ ਦਾ ਇਤਿਹਾਸ ਗਵਾਹ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿੱਚ ਔਰੰਗਜੇਬ ਨੂੰ ਉਸ ਦੇ ਮੁਸਲਮ ਤੇ ਬਾਦਸ਼ਾਹ ਹੋਣ ਦੇ ਗੁਣਾ ਦਾ ਜ਼ਿਕਰ ਕਰਕੇ ਉਸ ਦੇ ਔਗੁਣਾਂ ਬਾਰੇ ਵੀ ਦੱਸਿਆ ।ਗੁਰਪ੍ਰੀਤ ਸਿੰਘ ਤਾਂ ਗੁਰੂ ਗੋਬਿੰਦ ਸਿੰਘ ਬਾਰੇ ਭੀ ਅਜਿਹਾ ਬੇਲੋੜੀ ਬੋਲੀ ਬੋਲ ਚੁੱਕਾ ਹੈ ਕਿ , " ਗੁਰੂ ਗੋਬਿੰਦ ਸਿੰਘ " ਜੀ ਨੇ ਮਹਾਰਾਸ਼ਟਰ ਵਿਚ ਸ਼ਿਵਾ ਜੀ ਦੇ ਰਾਜ ਵਿਚ ਸਿਆਸੀ ਪਨਾਹ ਲਈ ਸੀ । ਜਦ ਕਿ ਗੁਰੂ ਸਾਹਿਬ ਦੇ ਗੁਰੂ ਕਾਲ ਸਮੇਂ ਤੋਂ ਕੋਈ 25 ਸਾਲ ਪਹਿਲਾਂ ਸ਼ਿਵਾ ਜੀ ਦੀ ਮੌਤ ਹੋ ਚੁੱਕੀ ਸੀ । ਜਦ ਕਿ ਗੁਰੂ ਸਾਹਿਬ ਕੋਈ ਪੰਜ ਸੌ ਤੋਂ ਵੱਧ ਘੋੜ ਸਵਾਰ ਸਿੰਘਾਂ ਸਮੇਤ ਮਹਾਰਾਸ਼ਟਰ ਗਏ । ਉੱਥੋਂ ਹੀ ਉਹਨਾਂ ਨੇ ਸਿੰਘਾਂ ਦੇ ਇਕ ਲੜਾਕੂ ਹਿੱਸੇ ਨੂੰ ਬਹਾਦਰਸ਼ਾਹ ਦੀ ਮਦਦ ਲਈ ਜੰਗ ਵਿੱਚ ਭੇਜਿਆ। ਜੰਗ ਜਿੱਤੀ ਗਈ ਤੱਦ ਹੀ ਬਹਾਦਰ.ਸ਼ਾਹ ਤਖ਼ਤ ਤੇ ਬੈਠਾਇਆ ਗਿਆ। ਲੇਕਿਨ ਜੋ ਸਿੱਖ ਹੋ ਕੇ , ਸਰਬੰਸ ਦਾਨੀ , ਦਸਮ ਪਾਤਸ਼ਾਹ ਬਾਰੇ ਗਲਤ ਬੋਲੇ , ਕੀ ਇਹ ਅਪਰਾਧ ਨਹੀ ਹੈ ?ਅਜ ਜਿੱਥੇ ਇਹ ਲੋਕ ਹਿੰਦੂ-ਸਿੱਖਾਂ ਵਿੱਚ ਪਾੜਾ ਪਾਉਣ ਦੀ ਕੋਝੀ ਕੋਸ਼ਿਸ਼ ਕਰ ਰਹੇ ਹਨ , ਇਹ ਲੱਖ ਚਾਹੁਣ ਤੇ ਵੀ ਭਾਈਚਾਰਕ ਸਾਂਝ ਦਾ ਕੁਝ ਨਹੀਂ ਵਿਗਾੜ ਸਕਦੇ । ਇਹ ਗੁਮਰਾਹ ਹੋਏ , ਸਿੱਧਾਂਤਕ ਥਿੜਕੇ ਹੋਇਆਂ ਨੂੰ ਸਿੱਖ ਨਹੀ ਕਿਹਾ ਜਾ ਸਕਦਾ , ਜੋ ਭਾਈਚਾਰਿਆਂ ਵਿਚ ਨ਼ਫਰਤ ਦਾ ਬੀਜ ਬੀਜਦੇ ਹੋਣ । ਇਸ ਮੁਲਕ ਵਿੱਚ ਹਿੰਦੂ - ਸਿੱਖ ਤਾਂ ਹੈ ਹੀ ਸਗੋਂ ਪੂਰਬੀ ਤੇ ਪੱਛਮੀ ਸਾਰੇ ਸਮਾਜਾਂ ਦੀ ਹੀ ਬਹੁਤ ਨੇੜਤਾ ਹੈ ।ਇਹਨਾਂ ਵਿਚ ਕਿਸੇ ਭੀ ਬਹਾਨੇ ਨਫ਼ਰਤ ਫੈਲਾਉਣੀ , ਇਕ ਨਫਰਤੀ ਜੁਰਮ ( Hate Crime ) ਹੈ ।ਜੋ ਕਾਨੂੰਨੀ ਜੁਰਮ ਵੀ ਹੋ ਸਕਦਾ ਹੈ । ਇਸ ਨਫ਼ਰਤ ਆਧਾਰ ਕੋਈ ਕਿਸੇ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਉਂਦਾ ਹੈ , ਤਦ ਕਾਨੂੰਨ ਹਰਕਤ ਵਿੱਚ ਆਵੇਗਾ ? ਇਸ ਵਿਚ ਵੀ ਕੋਈ ਸ਼ਕ ਨਹੀ ਕਿ ਨਸਲੀ ਜ਼ਿਹਰ ਖਿਲਾਰਨ ਲਈ ਕੁਝ ਕੁ ਗੋਰੇ ਟੋਲਿਆਂ ਨੇ ਪੰਜ ਛੇ ਦਹਾਕੇ ਪਹਿਲਾਂ ਸਾਡੇ ਪਰਵਾਸੀਆਂ ਵਿਰੁੱਧ ਬਹੁਤ ਜ਼ਿਹਰ ਘੋਲੀ ਸੀ । ਸਾਡੇ ਸਮੁੱਚੇ ਸਾਂਝੇ ਇਕੱਠ ਸਾਹਮਣੇ ਉਹ ਫੇਹਲ ਹੋ ਗਏ । ਸੱਤਰਵਿਆਂ ਸਮੇਂ ਇਕ ਟੋਰੀ ਪਾਰਟੀ ਦਾ ਐਮ ਪੀ ਆਗੂ " ਈਨੋਕ ਪਾਵਲ " ਸਾਰੀ ਪਰਵਾਸੀ ਵੱਸੋਂ ਵਿਰੁੱਧ ਜ਼ਿਹਰ ਘੋਲਦਾ ਕੌੜੇ ਬੋਲ ਬੋਲਣ ਲੱਗ ਪਿਆ ਸੀ। "ਈਨੋਕ ਪਾਵਲ" ਨੇ ਕਾਮਨਵੈਲਥ ਮੁਲਕਾਂ ਤੋਂ ਆਏ ਏਸ਼ੀਅਨ ,ਅਫਰੀਕਨ ਤੇ ਹੋਰ ਸਾਰੇ ਲੋਕਾਂ ਨੂੰ ਨਸਲੀ ਨਫ਼ਰਤ ਦੀ ਬੋਲੀ ਨਾਲ ਬਹੁਤ ਉਛਾਲਿਆ। ਉਸ ਸਮੇਂ ਗੋਰਿਆਂ ਦੇ ਮੁਲਕ (ਯੂ ਕੇ) ਵਿੱਚ ਆਏ ਕਿਰਤੀ ਭਾਈਚਾਰਿਆਂ ਦੇ ਦਿਲ ਵਲੂੰਧਰੇ ਗਏ ।ਥੋੜੀ ਗਿਣਤੀ ਦੇ ਨਸਲੀ ਨਫ਼ਰਤ 'ਚ ਪਲਦੇ ਗੋਰਿਆਂ ਨੇ ਪਰਵਾਸੀਆਂ ਵਿਰੁੱਧ ਹੋਰ ਸਿਰ ਚੁੱਕ ਲਿਆ ਸੀਨ। ਕਈ ਥਾਈ ਆਪਸੀ ਝੜਪਾਂ ਹੋਈਆਂ ਸਨ । ਸਾਊਥਾਲ ਵਿੱਚ ਸਿੱਖ ਨੌਜਵਾਨ ਗੁਰਦੀਪ ਚਗਰ ਦਾ ਨਸਲ ਵਾਦੀਆਂ ਵੱਲੋਂ ਕਤਲ ਕੀਤਾ ਗਿਆ ਸੀ । ਈਨੋਕ ਪਾਵਲ ਨੇ ਬੋਲਣਾ ਘੱਟ ਨਹੀ ਕੀਤਾ ।ਉਸ ਨੇ ਇੱਥੋਂ ਤੱਕ ਕਿਹਾ ਕਿ ਰੰਗਦਾਰ ਲੋਕਾਂ ਨੂੰ ਵਾਪਸ ਉਹਨਾਂ ਦੇ ਦੇਸ਼ਾਂ ਵਿਚ ਭੇਜ ਦਿੱਤਾ ਜਾਵੇ ।ਉਸ ਨੇ ਅੱਤ ਨੀਵੇਂ ਲ਼ਫਜਾਂ ਵਿਚ ਪਰਵਾਸੀਆਂ ਨੂੰ ਦਰਸਾਇਆ ਕਿ " ਇਹ ਕਾਲੇ ਲੋਕ ਇੱਥੇ ਬੱਚੇ ਪੈਦਾ ਕਰਕੇ , ਗੋਰੀ ਆਬਾਦੀ ਤੇ ਹਾਵੀ ਹੋਣਗੇ — ਇਤਿਆਦਿਕ । ਉਸ ਨੇ ਵੀ ਅੱਜ ਦੀ ਤਰਾਂ ਹੀ , ਕਾਮਨਵੈਲਥ ਭਾਈਚਾਰੇ ਨੂੰ ਤੋੜਨ ਦਾ ਚੈਲੰਜ ਕੀਤਾ ਸੀ । ਉਸ ਸਮੇ ਵੀ " ਸਿਖ -ਹਿੰਦੂ-ਮੁਸਲਮ ਅਤੇ ਅਫਰੀਕਨ " ਭਾਈਚਾਰਾ ਹੀ ਮੁਖੀ ਤੇ ਸਾਂਝੇ ਸਨ । ਇਹਨਾਂ ਦੇ ਇਕੱਠ ਨੇ ਹੀ "ਪਾਵਲ" ਦੀ ਜ਼ਬਾਨ ਨੂੰ ਲਗਾਨ ਦਿੱਤੀ ਸੀ । ਅੱਜ ਵੀ "ਸਿੱਖ - ਹਿੰਦੂ " ਭਾਈਚਾਰੇ ਨੂੰ ਚੈਲੰਜ ਕਰਨ ਵਾਲਿਆਂ ਨੂੰ ਵੀ ਅਜਿਹਾ ਹੀ ਉੱਤਰ ਮਿਲੇਗਾ । ਪਾਵਲ ਦੀ ਭੱਦੀ ਤੇ ਨਫ਼ਰਤ ਨੂੰ ਯੂ ਕੇ ਦੀ ਬਹੁ ਗਿਣਤੀ ਵਸਦੀ ਗੋਰੀ ਕੌਮ ਸਹਿਣ ਨਾ ਕਰਦੀ ਹੋਈ , ਪਰਵਾਸੀਆਂ ਦੇ ਹੱਕ ਵਿੱਚ ਆ ਨਿੱਤਰੀ । ਸਾਰੇ ਮੁਲਕ ਦਾ ਮੁਕੰਮਲ ਢਾਂਚਾ "ਈਨੋਕ ਪਾਵਲ " ਦੇ ਵਿਰੁੱਧ ਇਕੱਠਾ ਹੋ ਗਿਆ । ਪਰਵਾਸੀ ਕੌਮਾ ਦੇ ਦਰਦ ਨੂੰ ਸਮਝਦਿਆਂ , ਪਰਵਾਸੀਆਂ ਦੇ ਹੱਕ ਵਿੱਚ ਮੁਜ਼ਾਹਰੇ ਕਰਕੇ " ਨਸਲ ਵਾਦੀ ਪਾਵਲ " ਦਾ ਬੋਲਣਾ ਬੰਦ ਕੀਤਾ । ਟੋਰੀ ਪਾਰਟੀ ਜਿੰਨਾਂ ਦਾ ਉਹ ਵੂਲਵਰਹਮਟਨ ਤੋਂ ਪਾਵਲ ਐਮ ਪੀ ਸੀ । ਪਾਰਟੀ ਨੇ ਉਸ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਸੀ । ਲੇਬਰ , ਟੋਰੀ ਅਤੇ ਲਿਬਰਟ ਪਾਰਟੀ , ਸਾਰੀਆਂ ਪਾਰਟੀਆਂ ਨੇ "ਈਨੋਕ ਪਾਵਲ" ਵਿਰੁੱਧ ਡਟ ਕੇ ਸਾਂਝਾ ਸਟੈਂਡ ਲਿਆ ਸੀ । ਉਸ ਨੂੰ ਦੇਸ਼ ਲਈ ਖਤਰਨਾਕ "ਨਸਲਵਾਦੀ" ਕਹਿ ਕੇ ਨਿੰਦਿਆ ਸੀ। ਕੱਲ ਤੱਕ ਗੋਰਿਆਂ ਵਿੱਚ ਨਸਲੀ ਨੰਫਰਤ ਦੇ ਜੰਮੇਆਂ ਤੇ ਅਫਸੋਸ ਸੀ , ਹੁਣ ਸਾਡੇ ਵਿਹੜੇ ਵਿਚ ਅਜਿਹੇ ਕੰਡੇ ਵੀ ਉਹੀ ਰੂਪ ਹਨ । ਜੋ ਇਹ ਅਖੌਤੀ ਲੋਕ " ਹਿੰਦੂ -ਸਿੱਖ" ਭਾਈਚਾਰੇ ਨੂੰ ਤੋੜਨ ਦੀ ਕੋਝੀ ਬੋਲੀ ਬੋਲਦੇ ਹਨ । ਜਦ ਸਿੱਖਾਂ ਦੀ ਸੰਸਾਰ ਵਿੱਚ " ਸਰਬਤ ਦੇ ਭਲੇ " ਦੇ ਰੂਪ ਸਰਵਉਤਮ ਪਹਿਚਾਣ ਹੈ ਤਾਂ ਗੁਰੂ ਜੀ ਦੀ ਸੋਚ ਵਿਰੁੱਧ ਇਹ ਕੰਡੇ ਸਾਨੂੰ ਕਿਉਂ ਕਬੂਲ ਹੋਣ ? ਅਜਿਹਿਆਂ ਨੂੰ ਸਿੱਖ ਨਹੀ ਕਹਿਣਾ ਚਾਹੀਦਾ । ਜੋ " ਗੁਰੂ ਗੋਬਿੰਦ ਸਿੰਘ " ਜੀ ਵਿਰੁੱਧ ਬੋਲੇ , ਉਸ ਨੂੰ ਦੁਰਕਾਰਨਾ ਹੀ ਸਿਖ ਕੌਮ ਦਾ ਪਹਿਲਾਂ ਫਰਜ਼ ਹੈ । ਸਾਡਾ ਇਹ "ਹਿੰਦੂ-ਸਿੱਖ" ਭਾਈਚਾਰਾ ਸਿਰਫ ਇਕੱਲਾ ਨਹੀ ਹੈ । ਅੱਜ ਇਸ ਦੇ ਸਾਥੀ ਸਮੁੱਚੀ ਕਾਮਨਵੈਲਥ ਦੇ ਭਾਈਚਾਰੇ ਹਨ । ਇਸ ਨੂੰ " ਮਲਟੀ - ਕਲਚਰਲ ਸੁਸਾਇਟੀ (Multi-Cultural Society) ਦੇ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ ।ਇਹਨਾਂ ਸਾਰਿਆਂ ਦੀਆਂ ਬਹੁਤ ਗੂੜੀਆਂ ਵਪਾਰਕ ਤੇ ਸਮਾਜਕ ਸਾਂਝਾ ਸਦਾ ਲਈ ਕਾਇਮ ਹੋ ਚੁੱਕੀਆਂ ਹਨ । ਸਾਡਾ ਸਾਰਿਆਂ ਦੀ ਫਰਜ਼ ਬਣਦਾ ਹੈ ਕਿ , ਆਪਸੀ ਸਤਕਾਰ ਨੂੰ ਵਧਾਓ , ਭਰਾਤਰੀ ਕਦਰਾਂ ਕੀਮਤਾਂ ਨੂੰ ਹੋਰ ਪਰਪਕ ਕਰੀਏ । ਜੋ ਕਦਰਾਂ ਕੀਮਤਾਂ , ਭਾਈਚਾਰਕ ਇੱਜ਼ਤ ਤੇ ਇਕੱਠ ਪਿਛਲੇ ਸੱਤਰ ਸਾਲਾਂ ਦੀ ਜੱਦੋ ਜਹਿਦ ਵਿੱਚੋਂ ਪੈਦਾ ਕੀਤਾ ਹੈ । ਉਹਨਾਂ ਪੁਰਖਿਆਂ ਦੀ ਘਾਲਣਾ ਦਾ ਮਾਣ ਕਰੀਏ। ਕਿਸੇ ਵੀ ਕੈਰੀ ਅੱਖ ਦੀ ਇੱਧਰ ਨੂੰ ਝਾਕਣ ਦੀ ਹਿੰਮਤ ਨਾ ਪਵੇ ।

## ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਧੂਮ ਧਾਮ ਨਾਲ ਮਨਾਇਆ ਗਿਆ ਬਾਲ ਦਿਵਸ



ਬਰਨਾਲਾ, 15 ਨਵੰਬਰ (ਵਰਿਆਮ ਹਠੂਰ)- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ ਧੂਮ ਧਾਮ ਨਾਲ ਬਾਲ ਦਿਵਸ ਮਨਾਇਆ ਗਿਆ, ਸਵੇਰੇ ਇੰਟਰੀ ਮੌਕੇ ਸਕੂਲ ਸਟਾਫ਼ ਵੱਲੋਂ ਬੱਚਿਆਂ ਤੋਂ ਦੀ ਫੁੱਲਾਂ ਦੀ ਵਰਖਾ ਕੀਤੀ ਗਈ, ਵਿਸ਼ੇਸ਼ ਤੌਰ ਤੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਰੀਬਨ ਕੱਟਣ ਦੀ ਰਸਮ ਅਦਾ ਕੀਤੀ, ਤੇ ਪ੍ਰੋਗਰਾਮ ਦੀ ਸ਼ੁਰੂਆਤ ਤਾੜੀਆਂ ਦੀ ਗੂੰਜ ਵਿੱਚ ਹੋਈ। ਇਸ ਮੌਕੇ ਬੱਚਿਆਂ ਦੇ ਮੰਨੋਰੰਜਨ ਲਈ ਮਿੱਕੀ ਮਾਊਸ, ਜੰਪਿੰਗ, ਟ੍ਰੇਨ, ਝੂਲਿਆਂ ਆਦਿ ਦਾ ਪ੍ਰਬੰਧ ਕੀਤਾ ਗਿਆ।ਇਸ ਤੋਂ ਇਲਾਵਾ ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਦੇ ਖਾਣ ਪੀਣ ਲਈ ਗੋਲ ਗੱਪੇ, ਪਾਪੜ, ਪੌਪ ਕੋਰਨ, ਚਟਪਟੀ ਚਾਟ ਆਦਿ ਦੀਆਂ ਸਟਾਲਾਂ ਲਗਵਾਈਆਂ ਗਈਆਂ। ਸਕੂਲ ਵਿਦਿਆਰਥੀਆਂ ਨੇ ਖੂਬ ਮਨੋਰੰਜਨ ਕੀਤਾ ਤੇ ਲੱਗੀਆਂ ਖਾਣ ਪੀਣ ਵਾਲੀਆਂ ਸਟਾਲਾਂ ਤੋਂ ਖਾਣ ਪੀਣ ਕੀਤਾ ਤੇ ਵਧੀਆ ਢੰਗ ਨਾਲ ਬਾਲ ਦਿਵਸ ਮਨਾਉਣ ਲਈ ਸਮੂਹ ਸਕੂਲ ਸਟਾਫ਼ ਅਤੇ ਮੈਨੇਜਮੈਂਟ ਦਾ ਧੰਨਵਾਦ ਕੀਤਾ। ਸਕੂਲ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਬੱਚੇ ਸਮਾਜ ਦੇ ਨਿਰਮਾਤਾ ਹਨ।ਸਾਡੇ ਸਟਾਫ਼ ਵੱਲੋਂ ਚੰਗੀ ਵਿੱਦਿਆ ਦੇ ਨਾਲ ਨਾਲ ਅਜਿਹੇ ਅਗਾਂਹਵਧੂ ਉਪਰਾਲੇ ਕੀਤੇ ਜਾਂਦੇ ਹਨ ਤਾਂ ਕਿ ਬੱਚਿਆਂ ਦਾ ਸਰਵਪੱਖੀ ਵਿਕਾਸ ਹੋ ਸਕੇ। ਬੱਚਿਆਂ ਨੇ ਇਸ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਸਾਡੇ ਵੱਲੋਂ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਬੱਚਿਆਂ ਨੂੰ ਵਿੱਦਿਆ ਦੇ ਨਾਲ ਨਾਲ ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਨਾਲ ਜੋੜਿਆ ਜਾਵੇ ਤੇ ਸਮੇਂ ਸਮੇਂ ਨਾਲ ਸਕੂਲ ਦੇ ਬੱਚੇ ਖੇਡ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ, ਤੇ ਇਨਾਮ ਜਿੱਤ ਕੇ ਆਪਣਾ ਅਤੇ ਆਪਣੇ ਮਾਪਿਆਂ ਦੇ ਨਾਲ ਨਾਲ ਆਪਣੇ ਪਿੰਡ ਦਾ ਵੀ ਨਾਮ ਰੌਸ਼ਨ ਕਰਦੇ ਹਨ। ਸਮੂਹ ਸਕੂਲ ਸਟਾਫ਼ ਦਾ ਵਧੀਆ ਡਿਊਟੀਆਂ ਨਿਭਾਉਣ ਲਈ ਧੰਨਵਾਦ।ਇਸ ਤੋਂ ਇਲਾਵਾ ਕੁਲਜੀਤ ਸਿੰਘ ਦੀਵਾਨਾ ਨੇ ਕਿਹਾ ਕਿ ਚਿਲਡਰਨ ਡੇ ਸਾਡੇ ਸਕੂਲ ਵਿੱਚ ਅੱਜ ਧੂਮਧਾਮ ਨਾਲ ਮਨਾਇਆ ਗਿਆ ਹੈ।ਬੱਚਿਆਂ ਨੇ ਖੂਬ ਮਨੋਰੰਜਨ ਕੀਤਾ ,ਬੱਚੇ ਮਨੋਰੰਜਨ ਦੇ ਸਾਧਨਾਂ ਨੂੰ ਵੇਖ ਕੇ ਖ਼ੁਸ਼ ਹੋਏ, ਬੱਚਿਆਂ ਨੂੰ ਖ਼ੁਸ਼ ਵੇਖ ਕੇ ਸਾਨੂੰ ਵੀ ਬਹੁਤ ਚੰਗਾ ਲੱਗ ਰਿਹਾ ਹੈ। ਬਾਲ ਦਿਵਸ ਪੰਡਤ ਜਵਾਹਰ ਲਾਲ ਨਹਿਰੂ ਜੀ ਨਾਲ ਰਿਲੇਟਿਡ ਹੈ। ਪੰਡਤ ਜਵਾਹਰ ਲਾਲ ਨਹਿਰੂ ਜੀ ਬੱਚਿਆਂ ਨੂੰ ਬੇਹੱਦ ਪਿਆਰ ਕਰਦੇ ਸਨ। ਇਸ ਲਈ 14 ਨਵੰਬਰ ਦਾ ਦਿਨ ਖਾਸ ਕਰਕੇ ਬੱਚਿਆਂ ਲਈ ਸੈਲੀਬ੍ਰਿਟ ਕੀਤਾ ਜਾਂਦਾ ਹੈ। ਇਸ ਮੌਕੇ ਸੀਨੀਅਰ ਆਗੂ ਸਵਰਨ ਸਿੰਘ ਦੀਵਾਨਾ ਨੇ ਸਕੂਲ ਸਟਾਫ਼ ਦਾ ਪ੍ਰੋਗਰਾਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਧੰਨਵਾਦ ਕੀਤਾ, ਅੰਤ ਵਿੱਚ ਮਿੱਠੀਆਂ ਯਾਦਾਂ ਛੱਡਦਾ ਹੋਇਆ ਬਾਲ ਦਿਵਸ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ, ਕੁਲਜੀਤ ਸਿੰਘ ਦੀਵਾਨਾ, ਗੁਰਪ੍ਰੀਤ ਕੌਰ, ਰਮਨਜੀਤ ਕੌਰ, ਅਮਨਦੀਪ ਕੌਰ, ਸੁਖਮੀਤ ਕੌਰ, ਪਵਨਜੀਤ ਕੌਰ, ਪ੍ਰਦੀਪ ਕੌਰ, ਮਨਦੀਪ ਕੌਰ, ਅਮਨਜੋਤ ਕੌਰ, ਲਛਮਣੀ, ਤਰਨਜੀਤ ਕੌਰ, ਕਮਲਜੀਤ ਕੌਰ, ਪ੍ਰਭਜੋਤ ਕੌਰ, ਨਵਜੋਤ ਕੌਰ, ਰਮਨਦੀਪ ਕੌਰ, ਸੁਖਜੀਤ ਕੌਰ , ਰਮਨਦੀਪ ਕੌਰ ਸਮੇਤ ਸਕੂਲ ਦੇ ਬੱਚੇ ਹਾਜ਼ਿਰ ਸਨ।

## ਇੱਕ ਨਜ਼ਰ ...



## ਰਸ਼ਪਾਲ ਸਿੰਘ ਅਤੇ ਪ੍ਰਭਜੋਤ ਕੌਰ ਨੇ ਮਿਸਟਰ ਫ਼ਰੈਸ਼ਰ ਅਤੇ ਮਿਸ ਫਰੈਸ਼ਰ ਦਾ ਖ਼ਿਤਾਬ ਜਿੱਤਿਆ

ਤਲਵੰਡੀ ਸਾਬੋ, 15 ਨਵੰਬਰ (ਗੁਰਜੰਟ ਸਿੰਘ ਨਥੇਹਾ)– ਪੰਜਾਬੀ ਯੂਨੀਵਰਸਿਟੀ ਪਟਿਆਲਾ ਗੁਰੂ ਕਾਸ਼ੀ ਕੈਂਪਸ ਦੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵਿਖੇ ਬੀਤੇ ਦਿਨੀਂ ਵਿਭਾਗ ਵਿੱਚ ਦਾਖ਼ਲ ਹੋਏ ਨਵੇਂ ਵਿਦਿਆਰਥੀਆਂ ਦੇ ਸਵਾਗਤ ਲਈ ਉਨ੍ਹਾਂ ਦੇ ਸੀਨੀਅਰ ਵਿਦਿਆਰਥੀਆਂ ਵੱਲੋਂ ਇੱਕ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਕੈਂਪਸ ਡਾਇਰੈਕਟਰ ਡਾ. ਕਮਲਜੀਤ ਸਿੰਘ ਨੇ ਵਿਭਾਗ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਿਆਂ ਵਿਦਿਆਰਥੀਆਂ ਨੂੰ ਸਫਲ ਜੀਵਣ ਲਈ ਆਸ਼ੀਰਵਾਦ ਦਿੱਤਾ। ਫਰੈਸ਼ਰ ਪਾਰਟੀ ਦੇ ਦੌਰਾਨ ਉਦਘਾਟਨੀ ਸਮਾਰੋਹ ਵਿੱਚ ਰੀਬਨ ਕੱਟਣ ਦੀ ਰਸਮ ਵਿਭਾਗ ਦੇ ਮੁਖੀ ਡਾ. ਪ੍ਰੀਤੀ ਬਾਂਸਲ ਅਤੇ ਸਾਰੇ ਫੈਕਲਟੀ ਮੈਂਬਰਾਂ ਵੱਲੋਂ ਕੀਤੀ ਗਈ। ਇਸ ਪਾਰਟੀ ਨੂੰ ਕਰਵਾਉਣ ਦੇ ਲਈ ਵਿਭਾਗ ਦੀ ਕਲਚਰਲ ਕਮੇਟੀ ਦੇ ਮੈਂਬਰ ਡਾ. ਸੰਜੀਵ ਮਹਿਤਾ, ਡਾ. ਬਲਜਿੰਦਰ ਕੌਰ ਅਤੇ ਸੀਨੀਅਰ ਫੈਕਲਟੀ ਡਾ. ਅੰਜੂ ਸੈਣੀ ਨੇ ਅਹਿਮ ਭੂਮਿਕਾ ਨਿਭਾਈ। ਵਿਭਾਗ ਦੇ ਮੁਖੀ ਡਾ. ਪ੍ਰੀਤੀ ਬਾਂਸਲ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਇਮਾਨਦਾਰੀ ਨਾਲ ਮਿਹਨਤ ਕਰ ਕੇ ਵਧੀਆ ਤਰੀਕੇ ਨਾਲ ਪੜ੍ਹ ਲਿਖ ਕੇ ਕਾਮਯਾਬ ਹੋਣ ਦਾ ਰਾਹ ਵਿਖਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਦੌਰਾਨ ਜੱਜਾਂ ਦੀ ਭੂਮਿਕਾ ਡਾ. ਸ਼ਰੂਤੀ ਸ਼ਰਮਾ, ਡਾ. ਸਵਿਤਾ ਰਾਣੀ ਅਤੇ ਮਿਸਿਜ਼ ਸਾਰੀਕਾ ਮਿੱਤਲ ਨੇ ਬਾਖ਼ੂਬੀ ਨਿਭਾਈ। ਵਿਦਿਆਰਥੀ ਰਸ਼ਪਾਲ ਸਿੰਘ ਅਤੇ ਪ੍ਰਭਜੋਤ ਕੌਰ ਨੇ ਕ੍ਰਮਵਾਰ ਮਿਸਟਰ ਫ਼ਰੈਸ਼ਰ ਅਤੇ ਮਿਸ ਫਰੈਸ਼ਰ ਦਾ ਖ਼ਿਤਾਬ ਹਾਸਲ ਕੀਤਾ। ਬਲਤੇਜ ਸਿੰਘ ਨੇ ਮਿਸਟਰ ਹੈਂਡਸਮ ਅਤੇ ਪੂਨਮ ਰਾਣੀ ਨੇ ਮਿਸ ਚਾਰਮਿੰਗ ਦਾ ਟਾਈਟਲ ਜਿੱਤਿਆ। ਪ੍ਰੋਗਰਾਮ ਦੌਰਾਨ ਬੈੱਸਟ ਪਰਫੋਰਮਰ ਦਾ ਖ਼ਿਤਾਬ ਐਸ਼ਵਰਿਆ ਰਾਏ ਨੇ ਹਾਸਲ ਕੀਤਾ। ਇਸ ਮੌਕੇ ਡਾ. ਦਿਵਿਆ ਤਨੇਜਾ, ਡਾ. ਸ਼ਿਪਰਾ, ਮਿਸਿਜ਼ ਅਨੂ, ਮਿਸਿਜ਼ ਮੀਨਾਕਸ਼ੀ, ਮਿਸਿਜ਼ ਰਾਧਿਕਾ, ਮਿਸ ਭਾਵਨਾ, ਰਣਧੀਰ ਸਿੰਘ ਅਤੇ ਮਿਸਿਜ਼ ਕਿਰਨ ਬਾਲਾ ਹਾਜ਼ਰ ਸਨ। ਇਸ ਮੌਕੇ ਕੈਂਪਸ ਦੇ ਡਾਇਰੈਕਟਰ ਪ੍ਰੋਫੈਸਰ ਕਮਲਜੀਤ ਸਿੰਘ ਨੇ ਆਪਣੇ ਸੰਦੇਸ਼ ਦੇ ਵਿੱਚ ਵਿਦਿਆਰਥੀਆਂ ਦੇ ਵੱਲੋਂ ਆਯੋਜਿਤ ਕੀਤੇ ਗਏ। ਇਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਤਰੱਕੀ ਦੇ ਲਈ ਆਸ਼ੀਰਵਾਦ ਦਿੱਤਾ। ਪ੍ਰੋਗਰਾਮ ਦੇ ਅੰਤ ਦੇ ਵਿੱਚ ਡਾ. ਬਲਜਿੰਦਰ ਕੌਰ ਦੇ ਵੱਲੋਂ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਦੇ ਲਈ ਦਿੱਤੇ ਗਏ ਸਹਿਯੋਗ ਦੇ ਲਈ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

## ਗਹਿਰੀ ਦੇਵੀ ਨਗਰ ਸਕੂਲ ਨੇ ਦੋ ਰੋਜਾ ਵਿਦਿਅਕ ਟੂਰ ਲਗਾਇਆ



ਤਲਵੰਡੀ ਸਾਬੋ, 15 ਨਵੰਬਰ (ਗੁਰਜੰਟ ਸਿੰਘ ਨਥੇਹਾ)– ਜ਼ਿਲ੍ਹਾ ਸਿੱਖਿਆ ਅਫ਼ਸਰ (ਬਠਿੰਡਾ) ਦੀ ਆਗਿਆ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਹਿਰੀ ਦੇਵੀ ਨਗਰ ਦੇ ਪ੍ਰਿੰਸੀਪਲ ਮੈਡਮ ਲਵਲੀਨ ਕੌਰ ਦੀ ਅਗਵਾਈ ਵਿੱਚ ਗਹਿਰੀ ਦੇਵੀ ਨਗਰ ਸਕੂਲ ਦੇ ਵਿਦਿਆਰਥੀਆਂ ਨੇ ਦੋ ਰੋਜਾ ਵਿਦਿਅਕ ਟੂਰ ਲਗਾਇਆ। ਇਸ ਟੂਰ ਦੇ ਇੰਚਾਰਜ਼ ਮੈਡਮ ਹਰਚਰਨਜੀਤ ਕੌਰ ਸਨ। ਇਸ ਸਮੇਂ ਪ੍ਰਿੰਸੀਪਲ ਮੈਡਮ ਲਵਲੀਨ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਦਾ ਇਹ ਦੋ ਰੋਜਾ ਵਿਦਿਅਕ ਟੂਰ ਸੀ। ਜਿਸ ਵਿੱਚ ਵਿਦਿਆਰਥੀਆਂ ਨੇ ਮੁੱਦਕੀ ਗੁਰਦੁਆਰਾ ਸਾਹਿਬ, ਤਰਨਤਾਰਨ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਜ਼ਿਲ੍ਹਆਂਵਾਲਾ ਬਾਗ, ਵਾਹਘਾ ਬਾਰਡਰ, ਬਾਬਾ ਬੁੱਢਾ ਜੀ, ਗੁਰਦੁਆਰਾ ਸਾਹਿਬ ਸ੍ਰੀ ਗੋਵਿੰਦਵਾਲ ਸਾਹਿਬ, ਬੇਈਂ ਨਦੀ ਅਤੇ ਗੁਰਦੁਆਰਾ ਸਾਹਿਬ ਸ੍ਰੀ ਹੱਟ ਸਾਹਿਬ ਆਦਿ ਧਾਰਮਿਕ ਸਥਾਨਾਂ ਦੇ ਨਾਲ–ਨਾਲ ਇਤਿਹਾਸਿਕ ਸਥਾਨਾਂ ਦੀ ਯਾਤਰਾ ਵੀ ਕੀਤੀ ਅਤੇ ਸਬੰਧਤ ਸਥਾਨਾਂ ਦੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ। ਇਸ ਸਮੇਂ ਟੂਰ ਨਾਲ ਜਾ ਕੇ ਆਏ ਅਧਿਆਪਕ ਸ੍ਰੀ ਮੋਤੀ ਰਾਮ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਵਾਹਘਾ ਬਾਰਡਰ 'ਤੇ ਪਰੇਡ ਅਤੇ ਭਾਰਤ ਪਾਕਿਸਤਾਨ ਦੇਸਾਂ ਦੇ ਝੰਡੇ ਉਤਾਰਨ ਦੀ ਰਸਮ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਭਗਤੀ ਗੀਤਾਂ ਦਾ ਆਨੰਦ ਮਾਣਿਆ ਅਤੇ ਵਿਦਿਆਰਥੀਆਂ ਨੇ ਬੀ ਐਸ ਐਫ ਦੇ ਜਵਾਨਾਂ ਆਦਿ ਨਾਲ ਗੱਲਬਾਤ ਵੀ ਕੀਤੀ। ਇਸ ਟੂਰ ਨੂੰ ਸਫ਼ਲ ਬਣਾਉਣ ਲਈ ਮੈਡਮ ਰਾਜਵੀਰ ਕੌਰ (ਪੰਜਾਬੀ ਅਧਿਆਪਕਾ) ਅਤੇ ਮੈਡਮ ਰੁਪਿੰਦਰ ਕੌਰ ਦਾ ਵਿਸ਼ੇਸ ਸਹਿਯੋਗ ਰਿਹਾ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ ਨਵੀਂ ਮੁੰਬਈ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਖਾਰਘਰ ਵਿਖੇ ਮਨਾਇਆ ਗਿਆ

**ਇਸ ਮੌਕੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਸ਼੍ਰੀ ਮਲਕੀਤ ਸਿੰਘ ਬੱਲ ਸਿੰਘ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ, ਸ੍ਰ ਬਾਲ ਮਲਕੀਤ ਸਿੰਘ ਨੇ ਕਿਹਾ....**



ਅੰਮ੍ਰਿਤਸਰ, 15 ਨਵੰਬਰ (ਆਵਾਜ਼ਿ ਕੌਮ ਬਿਊਰੋ )– ਪਹਿਲੇ ਸਿੱਖ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦਾ ਵਿਸ਼ਾਲ ਅਤੇ ਪਵਿੱਤਰ ਦਿਹਾੜਾ 13 ਤੋਂ 15 ਨਵੰਬਰ 2024 ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਖਾਰਘਰ ਵਿਖੇ ਮਨਾਇਆ ਗਿਆ। ਇਸ ਤਿੰਨ ਰੋਜ਼ਾ ਸਮਾਗਮ ਵਿੱਚ ਲਗਭਗ 20,000 ਨਾਨਕ ਨਾਮ ਲੇਵਾ ਸੰਗਤਾਂ ਨੇ ਭਾਗ ਲਿਆ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਅਤੇ ਬਖਸ਼ਿਸ਼ਾਂ ਤੋਂ ਪ੍ਰੇਰਿਤ ਹੋਏ ਇਸ ਮੌਕੇ ਸ਼੍ਰੀ ਪ੍ਰਸ਼ਾਂਤ ਠਾਕੁਰ, ਐਮ.ਐਲ.ਏ ਸਮੇਤ ਮੁੰਬਈ ਤੋਂ ਕਈ ਪਤਵੰਤੇ ਸੱਜਣਾਂ ਨੇ ਇਸ ਸ਼ੁਭ ਮੌਕੇ 'ਤੇ ਹਾਜ਼ਰੀ ਭਰੀ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਅਧਿਆਤਮਕ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਗਏ ਤਿੰਨ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਨਾਲ ਪੂਰਾ ਮਾਹੌਲ ਆਤਮਿਕ ਊਰਜਾ ਨਾਲ ਭਰ ਗਿਆ ਸ੍ਰੀ ਗੁਰੂ ਨਾਨਕ ਦੇਵ ਜੀ ਰਾਗੀਆਂ ਅਤੇ ਕਥਾ ਵਾਚਕਾਂ ਵੱਲੋਂ ਦੀਆ ਸਿੱਖਿਆਵਾਂ ਨਾਲ ਸੰਗਤਾ ਨੂੰ ਗੁਰਬਾਣੀ ਰਸ ਨਾਲ ਨਿਹਾਲ ਕੀਤਾ ਗਿਆ ਅਤੇ ਰਵਾਇਤੀ ਪੰਜਾਬੀ ਕਵਿਤਾ ਉਚਾਰਨ ਅਤੇ ਵਿਸ਼ੇਸ਼ ਦੀਵਾਨ ਨੇ ਸੰਗਤਾਂ ਨੂੰ ਸਿੱਖ ਧਰਮ ਦੇ ਅਮੀਰ ਵਿਰਸੇ ਨਾਲ ਜੋੜਿਆ ਸਮੁੱਚੇ ਸਮਾਗਮ ਦੌਰਾਨ ਅਤੁੱਟ ਲੰਗਰ ਵਰਤਾਇਆ ਗਿਆ, ਜੋ ਬਰਾਬਰੀ ਅਤੇ ਸੇਵਾ ਦੀ ਸਿੱਖ ਪਰੰਪਰਾ ਦਾ ਪ੍ਰਤੀਕ ਹੈ ਗੁਰੂ ਨਾਨਕ ਦੇਵ ਜੀ ਦੀਆਂ ਮਾਨਵਤਾ ਦੀ ਸੇਵਾ ਦੇ ਉਪਦੇਸ਼ਾਂ ਨੂੰ ਸਾਕਾਰ ਕਰਦੇ ਹੋਏ ਮੁਫਤ ਮੈਡੀਕਲ ਕੈਂਪ ਅਤੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਸ਼੍ਰੀ ਮਲਕੀਤ ਸਿੰਘ ਬੱਲ ਸਿੰਘ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ, ਸ੍ਰ ਬਾਲ ਮਲਕੀਤ ਸਿੰਘ ਨੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਨੂੰ ਨਿਮਰਤਾ, ਦਿਆਲਤਾ ਅਤੇ ਮਨੁੱਖਤਾ ਦੀ ਸੇਵਾ ਲਈ ਪ੍ਰੇਰਿਤ ਕਰਦਾ ਹੈ। ਇਹ ਸਮਾਗਮ ਸਿਰਫ਼ ਇੱਕ ਜਸ਼ਨ ਹੀ ਨਹੀਂ, ਸਗੋਂ ਗੁਰੂ ਜੀ ਦੇ ਵਡਮੁੱਲੇ ਸੰਦੇਸ਼ਾਂ ਨੂੰ ਵਿਚਾਰਨ ਦਾ ਮੌਕਾ ਹੈ। ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਬਹਿਲ ਨੇ ਸਮੂਹ ਸੰਗਤਾਂ, ਸਪਾਂਸਰਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਮਾਗਮ ਗੁਰਦੁਆਰਾ ਸਾਹਿਬ ਅਤੇ ਕੌਮ ਦੀ ਸਮਰਪਣ ਭਾਵਨਾ ਦਾ ਪ੍ਰਮਾਣ ਹੈ ਇਸ ਮੌਕੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਖਰਘਰ, ਅਤੇ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕੈਡਮੀ ਇਸ ਪਵਿੱਤਰ ਸਮਾਗਮ ਦਾ ਹਿੱਸਾ ਬਣਨ ਲਈ ਸਾਰੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਗੁਰਦੁਆਰਾ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ,ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਸਿਰਪਾਉ ਦੇ ਕੇ ਮੁੱਖ ਮੰਤਰੀ ਦਾ ਸਨਮਾਨ ਕੀਤਾ,ਮੁੱਖ ਮੰਤਰੀ ਹਰਿਆਣਾ ਨੇ ਇਸ ਸਮੇਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕੇ ਗੁਰੂਗ੍ਰਾਮ ਵਿਖੇ 500 ਬੈਡ ਦਾ ਹਸਪਤਾਲ ਜੋ ਬਣ ਕੇ ਤਿਆਰ ਹੈ ਉਸਦਾ ਨਾਮ ਗੁਰੂ ਨਾਨਕ ਸਾਹਿਬ ਦੇ ਨਾਮ ਤੇ ਰੱਖਣ ਦਾ ਐਲਾਨ ਕੀਤਾ ਅਤੇ ਹਰਿਆਣਾ ਦੇ ਕਿਸਾਨਾਂ ਨੂੰ 400 ਕਰੋੜ ਰੁਪਏ ਦਾ ਫਸਲ ਮੁਆਵਜ਼ਾ ਦੇਣ ਦਾ ਵੀ ਐਲਾਨ ਕੀਤਾ।

## ਅਕਾਲੀ ਦਲ ਸੁਧਾਰ ਲਹਿਰ ਨੇ ਪੰਜਾਬ ਦੇ ਰਾਜਪਾਲ ਨੂੰ ਸੌਂਪਿਆ ਮੰਗ ਪੱਤਰ




# ਅਵਤਾਰ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਜੀ ਤੋਂ ਨਗਰ ਕੀਰਤਨ ਸਜਾਇਆ ਗਿਆ

ਜੰਡਿਆਲਾ ਗੁਰੂ 15 ਨਵੰਬਰ ( ਕੁਲਵੰਤ ਸਿੰਘ ਵਿਰਦੀ) ਬੀਤੇ ਦਿਨ ਜੰਡਿਆਲਾ ਗੁਰੂ ਵਿਖੇ ਸਥਿਤ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਦੁਸਹਿਰਾ ਗਰਾਊਂਡ ਵੈਰੋਵਾਲ ਰੋਡ ਤੋਂ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ 555 ਵਾਂ ਅਵਤਾਰ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਪੁਰਬ ਨੂੰ ਸਮਰਪਿਤ ਫੁੱਲਾਂ ਨਾਲ ਸੱਜੀ ਪਾਲਕੀ ਸਾਹਿਬ ਜੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਨਗਰ ਕੀਰਤਨ ਗੁਰਦੁਆਰਾ ਸੁਖਮਨੀ ਸਾਹਿਬ ਜੀ ਤੋਂ ਆਰੰਭ ਹੋ ਕਿ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਵਿਖੇ ਪਹੁੰਚਿਆ ਇਸ ਮੌਕੇ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਵੱਲੋਂ ਜੋਤੀਸਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਇਸ ਮੌਕੇ ਬਾਬਾ ਸੁੱਖਾ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕੀਤਾ ਗਿਆ ਅਤੇ ਪੰਜਾਂ ਪਿਆਰਿਆਂ ਨੂੰ ਅਤੇ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਨੂੰ ਸਿਰਪਾਓ ਪਾ ਕਿ ਸਨਮਾਨਿਤ ਕੀਤਾ ਗਿਆ ਅਤੇ ਜੋਤੀਸਰ ਕਲੋਨੀ ਦੀਆਂ ਸਮੂਹ ਸੰਗਤਾਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਨਤਮਸਤਕ ਹੋਈਆਂ ਇਸ ਮੌਕੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਸੇਵਾਦਾਰਾਂ ਵੱਲੋਂ ਬਾਬਾ ਸੁੱਖਾ ਸਿੰਘ ਜੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਂਟ ਕੀਤਾ ਗਿਆ ਅਤੇ ਯਾਦਗਾਰੀ ਨਿਸ਼ਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ 9 ਇਸ ਮੌਕੇ ਨਗਰ ਕੀਰਤਨ ਵਿੱਚ ਆਈਆਂ ਸੰਗਤਾਂ ਨੂੰ ਬਾਬਾ ਸੁੱਖਾ ਸਿੰਘ ਜੀ ਅਤੇ ਜੋਤੀਸਰ ਕਲੋਨੀ ਦੀਆਂ ਸਮੂਹ ਸੰਗਤਾਂ ਵਲੋਂ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ।



## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ

# ਗੁਰਦੁਆਰਾ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ








ਆਵਾਜ਼ਿ ਕੌਮ AWAZE QAUM International Newspaper & WEB TV







ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਪੁਰਬ ਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਗੁਰਦੁਆਰਾ ਪਾਤਸ਼ਾਹੀ 10ਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ,ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਸਿਰਪਾਉ ਦੇ ਕੇ ਮੁੱਖ ਮੰਤਰੀ ਦਾ ਸਨਮਾਨ ਕੀਤਾ,ਮੁੱਖ ਮੰਤਰੀ ਹਰਿਆਣਾ ਨੇ ਇਸ ਸਮੇਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕੇ ਗੁਰੂਗ੍ਰਾਮ ਵਿਖੇ 500 ਬੈਡ ਦਾ ਹਸਪਤਾਲ ਜੋ ਬਣ ਕੇ ਤਿਆਰ ਹੈ ਉਸਦਾ ਨਾਮ ਗੁਰੂ ਨਾਨਕ ਸਾਹਿਬ ਦੇ ਨਾਮ ਤੇ ਰੱਖਣ ਦਾ ਐਲਾਨ ਕੀਤਾ ਅਤੇ ਹਰਿਆਣਾ ਦੇ ਕਿਸਾਨਾਂ ਨੂੰ 400 ਕਰੋੜ ਰੁਪਏ ਦਾ ਫਸਲ ਮੁਆਵਜ਼ਾ ਦੇਣ ਦਾ ਵੀ ਐਲਾਨ ਕੀਤਾ।

# ਇੱਕ ਨਜ਼ਰ...



## ਦਸ਼ਮੇਸ਼ ਵਿੱਦਿਅਕ ਸੰਸਥਾ ਵਿਖੇ ਮਨਾਇਆ ਗਿਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ

ਚੌਕ ਮਹਿਤਾ, 15 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)- ਜਾਹਿਰ ਪੀਰ ਜਗਤ ਗੁਰ ਬਾਬਾ, ਸਿੱਖ ਧਰਮ ਦੇ ਮੋਢੀ, ਪਹਿਲੇ ਗੁਰੂ, ਪਵਿੱਤਰਤਾ ਦੀ ਰੂਹਾਨੀ ਸਖਸ਼ੀਅਤ ਤੇ ਨਿਮਰਤਾ ਦੇ ਬਾਨੀ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਇਲਾਕੇ ਦੀ ਨਾਮਵਰ ਸੰਸਥਾ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਦਸ਼ਮੇਸ਼ ਪਬਲਿਕ ਹੈਰੀਟੇਜ਼ ਸਕੂਲ, ਮਹਿਤਾ ਚੌਂਕ ਵਿਖੇ ਬੜੀ ਸ਼ਰਧਾ ਪੂਰਵਕ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਰਾਹੀਂ ਸਭ ਨੂੰ ਨਿਹਾਲ ਕੀਤਾ ਅਤੇ ਹੋਰ ਸਟੇਜ਼ੀ ਗਤੀਵਿਧੀਆਂ ਜਿਵੇਂ ਕਿ ਕਵੀਸ਼ਰੀ, ਕਵਿਤਾ ਅਤੇ ਭਾਸ਼ਣ ਆਦਿ ਰਾਹੀਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਜਸ ਗਾਇਨ ਕੀਤਾ ਗਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿੱਘੀ ਗੋਦ ਦਾ ਆਨੰਦ ਮਾਣ ਰਹੇ ਇਸ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਨੇ ਇਸ ਦਿਨ ਨੂੰ ਯਾਦਗਾਰੀ ਬਣਾਉਣ ਵਿੱਚ ਹਰ ਪ੍ਰਕਾਰ ਦਾ ਯੋਗਦਾਨ ਦਿੱਤਾ। ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਲੋਕਾਂ ਨੂੰ ਸਿੱਧੇ ਰਸਤੇ ਪਾਉਣ ਲਈ ਕੀਤੀਆਂ ਗਈਆਂ ਉਦਾਸੀਆਂ ਅਤੇ ਹੋਰ ਘਾਲਣਾ, ਉਪਦੇਸ਼ਾਂ ਬਾਰੇ ਜਾਣੂੰ ਕਰਵਾਇਆ ਗਿਆ। ਸਕੂਲ ਵਿੱਚ ਚੱਲ ਰਹੇ ਤਿੰਨਾਂ ਹਾਊਸਾਂ ਵਿਚਕਾਰ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲਾ ਸੀਨੀਅਰ ਵਿੰਗ ਵਿਚਕਾਰ ਹੋਇਆ। ਭਾਸ਼ਣ ਮੁਕਾਬਲੇ ਵਿਚੋਂ ਬਿਆਸ ਹਾਊਸ ਨੇ ਪਹਿਲਾ ਸਥਾਨ ਹਾਸਿਲ ਕੀਤਾ ਰਾਵੀ ਹਾਊਸ ਅਤੇ ਸਤਲੁਜ ਹਾਊਸ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਡਾਇਰੈਕਟਰ ਸਰ ਮਨਪ੍ਰੀਤ ਸਿੰਘ ਟੱਕਰ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਸਿਧਾਂਤਾਂ ਪ੍ਰਤੀ ਜਾਣੂ ਕਰਵਾਇਆ ਅਤੇ ਸਿੱਖ ਧਰਮ ਦੇ ਮੁੱਢਲੇ ਇਤਿਹਾਸ ਨੂੰ ਸਾਂਝਾ ਕੀਤਾ। ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸਰਦਾਰ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਗਏ ਉਪਦੇਸ਼ਾਂ ਨੂੰ ਜੀਵਨ ਵਿੱਚ ਧਾਰਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਸਹੀ ਜੀਵਨ ਜਿਊਣ ਦੀ ਸੇਧ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮੈਡਮ ਗੁਰਬੀਰ ਕੌਰ, ਡਾਇਰੈਕਟਰ ਸਰ ਮਨਪ੍ਰੀਤ ਸਿੰਘ ਟੱਕਰ , ਡਾਇਰੈਕਟਰ ਮੈਡਮ ਹਰਪ੍ਰੀਤ ਕੌਰ, ਪ੍ਰਿੰਸੀਪਲ ਮੈਡਮ ਸੰਦੀਪ ਕੌਰ ਅਤੇ ਕੋ-ਆਰਡੀਨੇਟਰ ਮੈਡਮ ਰਵਿੰਦਰ ਕੌਰ ਮੌਜੂਦ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

## ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਬਾਬਾ ਸੋਹਣ ਸਿੰਘ ਵਿਖੇ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ



ਜੰਡਿਆਲਾ ਗੁਰੂ, 15 ਨਵੰਬਰ ( ਕੁਲਵੰਤ ਸਿੰਘ ਵਿਰਦੀ)- ਜੰਡਿਆਲਾ ਗੁਰੂ ਤੋਂ ਥੋੜੀ ਦੂਰੀ ਤੇ ਸਥਿਤ ਪਿੰਡ ਤਾਰਾਗੜ੍ਹ ਵਿਖੇ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਸੋਹਣ ਸਿੰਘ ਜੀ ਵਿਖੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਅਵਤਾਰ ਪੁਰਬ ਨੂੰ ਸਮਰਪਿਤ ਫੁੱਲਾਂ ਨਾਲ ਸੱਜੀ ਪਾਲਕੀ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਕੀਤੇ ਗਏ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਇਸ ਮੌਕੇ ਸੰਗਤਾਂ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਸਿਮਰਨ ਕਰਕੇ ਆਪਣੀ ਹਾਜ਼ਰੀ ਗੁਰੂ ਚਰਨਾਂ ਵਿੱਚ ਲਗਵਾਈ ਗਈ 9 ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕਿ ਪਿੰਡ ਦੀ ਪ੍ਰਕਰਮਾ ਕਰਦਾ ਹੋਇਆ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਪਹਿਲਾਂ ਗੁਰਦੁਆਰਾ ਸਿੰਘ ਸਭਾ, ਅਤੇ ਉਥੋਂ ਚੱਲ ਕਿ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ, ਅਤੇ ਆਖਰੀ ਪੜਾਅ ਗੁਰਦੁਆਰਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵਿਖੇ ਕੀਤਾ ਗਿਆ ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕੀਤੇ ਗਏ ਅਤੇ ਪੰਜਾਂ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਨਗਰ ਕੀਰਤਨ ਵਿੱਚ ਫੌਜੀ ਬੈਂਡ ਦੀਆਂ ਮਨਮੋਹਕ ਧੁੰਨਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ 9 ਹਰ ਸਾਲ ਦੀ ਤਰ੍ਹਾਂ ਭਾਈ ਬਲਵਿੰਦਰ ਸਿੰਘ ਵੱਲੋਂ ਛੋਟੇ ਬੱਚਿਆਂ ਨੂੰ ਸਿੱਖੀ ਪਹਿਰਾਵੇ ਵਿੱਚ ਤਿਆਰ ਬਰ ਤਿਆਰ ਕੀਤਾ ਗਿਆ।

## ਬਰਨਾਲਾ ਹਲਕੇ ਦੇ ਲੋਕ ਕੇਵਲ ਸਿੰਘ ਢਿੱਲੋਂ ਨੂੰ ਜਿਤਾਉਣ ਲਈ ਉਤਾਵਲੇ: ਮਨੋਰੰਜਨ ਕਾਲੀਆ



ਬਰਨਾਲਾ, 15 ਨਵੰਬਰ ( ਰਣਜੀਤ ਸਿੰਘ ਪੇਧਨੀ)- ਬਰਨਾਲਾ ਵਿਖੇ ਹੋ ਰਹੀ ਜਿਮਨੀ ਚੋਣ ਵਿੱਚ ਵਿਕਾਸ ਪੁਰਸ ਵਜੋਂ ਜਾਣੇ ਜਾਂਦੇ ਸ, ਕੇਵਲ ਸਿੰਘ ਢਿੱਲੋਂ ਵੱਡੇ ਮਾਰਜਨ ਨਾਲ ਜਿੱਤ ਕੇ ਇਤਿਹਾਸ ਬਣਾਉਣਗੇ। ਉਹਨਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਹ ਕਿ ਪੰਜਾਬ ਦੀ ਮੌਜੂਦਾ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ। ਪੰਜਾਬ ਦੀ ਮਾਨ ਸਰਕਾਰ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰਨ ਦੇ ਵਿੱਚ ਨਾ ਕਾਮਯਾਬ ਸਾਬਤ ਹੋ ਰਹੀ ਹੈ। ਉਹਨਾਂ ਕਿਹਾ ਕਿ ਦੇਸ਼ ਦਾ ਅੰਨਦਾਤਾ ਮੰਡੀਆਂ ਦੇ ਵਿੱਚ ਰੁਲਣ ਦੇ ਲਈ ਮਜਬੂਰ ਹੋ ਰਿਹਾ ਹੈ। ਮੰਡੀਆਂ ਵਿੱਚ ਕਿਸਾਨ, ਮਜ਼ਦੂਰ, ਆੜਤੀਆ, ਵਪਾਰੀਆਂ ਦੀ ਖੱਜਲ ਖੁਆਰੀ ਹੋ ਰਹੀ, ਜਿਸ ਦੇ ਨਤੀਜੇ ਵਜੋਂ ਸੂਬੇ ਦੀ ਮਾਨ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ। ਬਰਨਾਲਾ ਹਲਕੇ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ 20 ਨਵੰਬਰ ਨੂੰ ਬੀਜੇਪੀ ਦੇ ਹੱਕ ਵਿੱਚ ਫਤਵਾ ਦੇ ਕੇ ਸ, ਕੇਵਲ ਸਿੰਘ ਢਿੱਲੋ ਨੂੰ ਕਾਮਯਾਬ ਬ ਬਣਾਉਣਗੇ । ਇਸ ਮੌਕੇ ਬੀਜੇਪੀ ਦੇ ਸੀਨੀਅਰ ਆਗੂ ਜਗਦੇਵ ਜਿੰਦਲ ਜੱਗਾ, ਜਿਲ੍ਹਾ ਦੇ ਸੀਨੀਅਰ ਮੀਤ ਪ੍ਰਧਾਨ ਕ੍ਰਿਸ਼ਨ ਗੋਪਾਲ ਨੀਲੂ ਮਿੱਤਲ, ਬੀਜੇਪੀ ਦੇ ਸੀਨੀਅਰ ਆਗੂ ਭੁਪੇਸ਼ ਜਿੰਦਲ ਹਾਜ਼ਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਖਾਂ ਸੰਗਤਾਂ ਹੋਈਆਂ ਨਤਮਸਤਕ

**ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸਜਾਏ ਜਲੌ • ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਜਾਏ ਗਏ ਧਾਰਮਿਕ ਦੀਵਾਨ**







ਅੰਮ੍ਰਿਤਸਰ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)- ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਖਾਂ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸਖ਼ਸ਼ੀਅਤਾਂ ਨੇ ਵੀ ਹਾਜ਼ਰੀ ਭਰੀ। ਗੁਰਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਜੀ ਵਿਖੇ ਅਲੌਕਿਕ ਜਲੌ ਸਜਾਏ ਗਏ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨਾਂ ’ਤੇ ਦੀਪਮਾਲਾ ਵੀ ਕੀਤੀ ਗਈ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਵਿੰਦਰ ਸਿੰਘ ਦੇ ਜਥੇ ਵੱਲੋਂ ਇਲਾਹੀ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸਰਵਣ ਕਰਵਾਇਆ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ’ਤੇ ਚੱਲਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੇ ਉਪਦੇਸ਼ ਸਮੁੱਚੀ ਮਨੁੱਖਤਾ ਲਈ ਜੀਵਨ ਰੁਸ਼ਨਾਉਣ ਵਾਲੇ ਹਨ। ਗੁਰੂ ਸਾਹਿਬ ਨੇ ਉਚ-ਨੀਚ, ਜਾਤ-ਪਾਤ ਤੇ ਵਰਨ-ਵੰਡ ਦੀਆਂ ਵਲਗਣਾਂ ਨੂੰ ਤੋੜ ਕੇ ਇਕ ਅਕਾਲ ਪੁਰਖ ਦੇ ਲੜ ਲਾਇਆ। ਉਨ੍ਹਾਂ ਸੰਗਤਾਂ ਨੂੰ ਗੁਰੂ-ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਦੌਰਾਨ ਪੰਥ ਪ੍ਰਸਿੱਧ ਢਾਡੀ ਤੇ ਕਵੀਸ਼ਰ ਜਥਿਆਂ ਨੇ ਗੁਰ ਇਤਿਹਾਸ ਸਰਵਣ ਕਰਵਾਇਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਗਿਆਨੀ ਪਰਵਿੰਦਰਪਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸੁਪ੍ਰਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਯੁਵਰਾਜ ਸਿੰਘ, ਸ. ਗੁਰਤਿੰਦਰਪਾਲ ਸਿੰਘ ਸਮੇਤ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਕਮੇਟੀ ਦਾ 104 ਸਾਲਾ ਸਥਾਪਨਾ ਦਿਵਸ ਮਨਾਇਆ



**ਰਾਜ ਅੰਦਰ ਰਾਜ ਵਾਂਗ ਹੋਣ ਕਰਕੇ ਸਰਕਾਰਾਂ ਨੂੰ ਰੜਕਦੀ ਹੈ ਸ਼੍ਰੋਮਣੀ ਕਮੇਟੀ: ਐਡਵੋਕੇਟ ਧਾਮੀ**

ਅੰਮ੍ਰਿਤਸਰ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 104 ਸਾਲਾ ਸਥਾਪਨਾ ਦਿਵਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਸਿੱਖ ਸੰਸਥਾ ਨੇ ਇੱਕ ਸਦੀ ਤੋਂ ਵੱਧ ਦੇ ਆਪਣੇ ਸ਼ਾਨਾਮਤੇ ਸਫ਼ਰ ਦੌਰਾਨ ਜਿਥੇ ਗੁਰਦੁਆਰਾ ਪ੍ਰਬੰਧਾਂ ਨੂੰ ਪੰਥਕ ਭਾਵਨਾ ਅਨੁਸਾਰ ਚਲਾਇਆ ਹੈ, ਉਥੇ ਹੀ ਸਿੱਖੀ ਪ੍ਰਚਾਰ ਅਤੇ ਸਿੱਖ ਸਰੋਕਾਰਾਂ ਦੀ ਪਹਿਰੇਦਾਰੀ ਲਈ ਵੀ ਹਮੇਸ਼ਾ ਮੋਹਰੀ ਰੋਲ ਨਿਭਾਇਆ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਅੱਡਰੀ ਹੋਂਦ ਹਸਤੀ ਨੂੰ ਉਭਾਰਨ ਲਈ ਸ਼੍ਰੋਮਣੀ ਕਮੇਟੀ ਨੇ ਸਰਗਰਮ ਰਹਿੰਦਿਆਂ ਸਦਾ ਸੱਚ ਦੀ ਅਵਾਜ਼ ਬੁਲੰਦ ਕੀਤੀ ਹੈ। ਇਸੇ ਦਾ ਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਰਾਜ ਅੰਦਰ ਰਾਜ ਵਾਂਗ ਹੁੰਦਿਆਂ ਹਮੇਸ਼ਾ ਸਰਕਾਰਾਂ ਨੂੰ ਰੜਕਦੀ ਰਹੀ ਹੈ। ਉਨ੍ਹਾਂ ਕਿਹਾ ਕਿ ਅਖੌਤੀ ਮਹੰਤਾਂ ਪਾਸੋਂ ਪਾਵਨ ਗੁਰਧਾਮਾਂ ਨੂੰ ਅਜ਼ਾਦ ਕਰਵਾਉਣ ਲਈ ਵੱਡੀਆਂ ਕੁਰਬਾਨੀਆਂ ਨਾਲ 1920 ਵਿਚ ਹੋਂਦ ’ਚ ਆਈ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਵਜੂਦ ਨੂੰ ਢਾਅ ਲਗਾਉਣ ਲਈ ਅੱਜ ਲਗਾਤਾਰ ਕੋਝੇ ਯਤਨ ਹੋ ਰਹੇ ਹਨ। ਸਰਕਾਰਾਂ ਵੱਲੋਂ ਇਸ ਦੇ ਖੇਤਰ ਨੂੰ ਲਗਾਤਾਰ ਸੀਮਤ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਅਸਿੱਧੇ ਤੌਰ ’ਤੇ ਸਰਕਾਰਾਂ ਵੱਲੋਂ ਆਪਣੇ ਹੱਥਾਂ ਵਿਚ ਲੈਣ ਤੋਂ ਬਾਅਦ ਹੁਣ ਉਨ੍ਹਾਂ ਦੀ ਮਨਸ਼ਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਹਥਿਆਉਣ ਦੀ ਹੈ। ਉਨ੍ਹਾਂ ਪੰਥ ਵਿਰੋਧੀ ਤਾਕਤਾਂ ਦੇ ਟਾਕਰੇ ਲਈ ਸਿੱਖ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕਜੁਟ ਹੋਣ ਦੀ ਅਪੀਲ ਕੀਤੀ ਅਤੇ ਵਚਨਬਧਤਾ ਪ੍ਰਗਟਾਈ ਕਿ ਸ਼੍ਰੋਮਣੀ ਕਮੇਟੀ ਆਪਣੇ ਇਤਿਹਾਸ, ਰਵਾਇਤਾਂ ਅਤੇ ਕਾਰਜਾਂ ਦੀ ਸੇਧ ਵਿਚ ਸਿੱਖੀ ਦੀ ਚੜ੍ਹਦੀ ਕਲਾ ਲਈ ਸਦਾ ਤਤਪਰ ਰਹੇਗੀ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਪਾਵਨ ਹੁਕਮਨਾਮਾ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਮਨਜੀਤ ਸਿੰਘ ਤਲਵੰਡੀ, ਸੁਪ੍ਰਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਮੇਜਰ ਸਿੰਘ, ਮੈਨੇਜਰ ਸ. ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਯੁਵਰਾਜ ਸਿੰਘ, ਸ. ਗੁਰਤਿੰਦਰਪਾਲ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV